ਅਪ੍ਰੈਲ/ April 2023
ਸਾਲ/ Year 08
ਅੰਕ/ Edition 01
ਕੁੱਲ ਸਫੇ/ Total Page 20

Anual Subcription: 500/-

Regd Office:
1195, Ajit Nagar Moga
Pin: 142 001 (Punjab) INDIA

Estd. 2000

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

**facebook**

www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ

www.mehakwatandilive.com



'ਕਿਸਾਨ ਬਾਜਾਰ' ਦਾਣਾ ਮੰਡੀ ਮੋਗਾ ਵਿਖੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਲੇਖਕ ਹਰਨੇਕ ਰੋਡੇ, ਡਾ. ਰਵੀ ਸ਼ਰਮਾਂ, ਸੁਖਦੇਵ ਸਿੰਘ ਬਰਾੜ, ਗੁਰਸੇਵਕ ਸਿੰਘ ਸੰਨਿਆਸੀ, ਮਹਿੰਦਰਪਾਲ ਲੂੰਬਾ ਆਦਿ ਵੱਲੋਂ 'ਮਹਿਕ ਵਤਨ ਦੀ ਲਾਈਵ' ਮੈਗਜੀਨ ਦਾ ਮਾਰਚ ਅੰਕ ਕੀਤਾ ਗਿਆ ਲੋਕ ਅਰਪਣ।

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com




# ਪੰਜਾਬ ਵਿੱਚ ਖਰਾਬ ਹਾਲਾਤ ਅਤੇ ਖਰਾਬ ਮੌਸਮ ਦੇ ਬਾਵਜੂਦ ਵੀ ਸੰਗਤਾਂ ਦੇ ਠਾਠਾ ਮਾਰਦੇ ਇਕੱਠ ਨੇ ਸ਼ਹੀਦਾ ਦੀ ਪਵਿੱਤਰ ਧਰਤੀ ਚੰਦ ਪੁਰਾਣਾ ਵਿਖੇ ਹਾਜਰੀ ਭਰ ਕੇ ਸ਼ਰਧਾ ਦਾ ਕੀਤਾ ਪ੍ਰਗਟਾਵਾ!



















## ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਵੱਲੋਂ ਸ਼ਹੀਦੀ ਜੋੜ ਮੇਲੇ ਤੇ ਪੁੱਜੀਆਂ ਲੱਖਾਂ ਸੰਗਤਾਂ ਦਾ ਧੰਨਵਾਦ!







Scanned with CamScanner



# ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਤੇ ਵਿਸ਼ੇਸ਼ ਸਪਲੀਮੈਂਟ

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988




ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ !



ਸ਼ੁੱਭ ਇਛਾਵਾਂ ਸਹਿਤ

ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ

ਸੀਨੀ. ਮੀਤ ਪ੍ਰਧਾਨ:
ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ: ਖਾਲਸਾ ਐਕਸ਼ਨ ਕਮੇਟੀ

ਮੁੱਖ ਸੇਵਾਦਾਰ :

ਗੁ. ਸਾਹਿਬ ਦੁੱਖ ਭੰਜਨਸਰ

ਮੋ. 98153-11318

ਜਾਰੀ ਕਰਤਾ: ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ: ਆਪ ਜਿਲ੍ਹਾ ਮੋਗਾ) ਅਤੇ ਭਾਈ ਹਰਪ੍ਰੀਤ ਸਿੰਘ ਖੁਖਰਾਣਾ





ਸੱਚਖੰਡ ਵਾਸੀ ਸ਼੍ਰੀ ਮਾਨ
ਸੰਤ ਬਾਬਾ ਹੀਰਾ ਸਿੰਘ ਜੀ ਖੁਖਰਾਣਾ

ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ !

ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸ਼ੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਪਾਏ ਜਾਦੇ ਹਨ।

ਸਮੂੰਹ ਸੰਗਤ ਨੂੰ ਇਨ੍ਹਾਂ ਦਿਨਾ ਤੇ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ







ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ !



ਜੰਤਰੀਆਂ, ਕੈਲੰਡਰ, ਡਾਇਰੀਆਂ
ਮੈਗਜੀਨ ਪੁਸਤਕਾਂ ਛਪਵਾਉਣ
ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

ਮਹਿਕ ਵਤਨ ਦੀ ਐਡਵੇਟਾਈਜਮੈਂਟ ਕੰਪਨੀ (ਰਜਿ:)

Help Line: 9988-92-9988
E-mail: mehakwattandi@rediffmail.com
www.mehakwatandilive.com


Scanned with CamScanner

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

### ਵਿਸਾਖੀ ਦੇ ਤਿਉਹਾਰ ਦੀ ਧਾਰਮਿਕ, ਇਤਿਹਾਸਕ ਅਤੇ ਆਰਥਿਕ ਮਹੱਤਤਾ

ਤਿਉਹਾਰ ਕਿਸੇ ਕੌਮ ਦੀ ਪਹਿਚਾਣ ਹੁੰਦੇ ਹਨ ਇਨਾ ਤਿਉਹਾਰਾ ਪਿੱਛੇ ਸਾਡੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹੁੰਦੀਆ ਹਨ ਹਰ ਧਰਮ ਦੇ ਲੋਕ ਆਪਣੇ-ਆਪਣੇ ਪੈਰੋਕਾਰਾਂ ਦੇ ਦੱਸੇ ਅਨੁਸਾਰ ਇਹ ਤਿਉਹਾਰ ਮਨਾਉਂਦੇ ਆ ਰਹੇ ਹਨ। ਪਰ ਤਿਉਹਾਰ ਪਿਛੇ ਕੋਈ ਨਾ ਕੋਈ ਇਤਿਹਾਸ ਹੁੰਦਾ ਹੈ। ਸਮਾਂ ਬੀਤਣ ਦੇ ਨਾਲ ਚਾਹੇ ਉਹ ਮਕਸਦ ਨਹੀਂ ਰਹਿੰਦਾ ਪਰ ਰੀਤੀ ਰਿਵਾਜ਼ ਉਸੇ ਤਰਾਂ ਹੀ ਚਲਦੇ ਰਹਿੰਦੇ ਹਨ। ਜੇਕਰ ਪੰਜਾਬੀ ਵਿਰਸੇ ਦੇ ਤਿਉਹਾਰ ਤੇ ਝਾਤ ਮਾਰੀਏ ਤਾਂ ਪੰਜਾਬੀ ਵਿਰਸੇ ਵਿਚ ਵਿਸਾਖੀ ਦਾ ਤਿਉਹਾਰ ਬਹੁਤ ਵੱਡੀ ਅਹਿਮੀਅਤ ਰੱਖਦਾ ਹੈ।

ਵਿਸਾਖੀ ਦੇਸ਼ਾਂ-ਵਿਦੇਸ਼ਾਂ ਵਿਚ, ਭਾਰਤ ਦੇ ਹੋਰ ਕਈ ਹਿੱਸਿਆਂ ਵਿਚ ਅਤੇ ਸਾਰੇ ਪੰਜਾਬ ਵਿਚ ਬਹੁਤ ਲੋਕਪ੍ਰਿਆ ਹੈ। ਬੇਸ਼ੱਕ ਹੋਰ ਕਈ ਤਿਉਹਾਰ ਹਨ ਪਰ ਵਿਸਾਖੀ ਦੀ ਆਪਣੀ ਵੱਖਰੀ ਹੀ ਪਛਾਣ ਹੈ। ਤਿਉਹਾਰ ਕਿਸੇ ਦੇਸ਼ ਜਾਂ ਕੌਮ ਦਾ ਧਾਰਮਿਕ ਜਾਂ ਇਤਿਹਾਸਕ ਵਿਰਸਾ ਹੁੰਦਾ ਹੈ। ਪਰੰਤੂ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਧਾਰਮਿਕ ਹੈ, ਇਤਿਹਾਸਕ ਵੀ ਹੈ ਅਤੇ ਆਰਥਿਕ ਵੀ ਹੈ।

ਆਰਥਿਕ ਪੱਖ ਵਿਚਾਰਿਏ ਤਾਂ ਸਾਡੇ ਜਿਹਨ ਵਿਚ ਸ਼ਰਬਤੀ ਦਾਨਿਆਂ ਨਾਲ ਲੱਦੀਆਂ ਕਣਕਾਂ ਝੂਮਦੀਆਂ ਦਿਸਦੀਆਂ ਹਨ। ਕਿਸਾਨ ਦੀ ਛੇ ਮਹੀਨਿਆਂ ਦੀ ਮਿਹਨਤ ਨਾਲ ਪੁੱਤਾਂ ਵਾਂਗ ਪਾਲੀਆਂ ਇਹ ਕਣਕਾਂ ਕਟਾਈ ਲਈ ਤਿਆਰ ਹੁੰਦੀਆਂ ਹਨ। ਕਿਸਾਨ ਦੀਆਂ ਅੱਖਾਂ ਵਿਚ ਸਜੋਏ ਉਦਾਸ ਜਿਹੇ ਖੁਸ਼ੀਆਂ ਭਰੇ ਸੁਪਨੇ ਪੂਰੇ ਹੋਣ ਦਾ ਵੇਲਾ ਆ ਗਿਆ ਹੁੰਦਾ ਹੈ। ਮਸ਼ੀਨੀ ਯੁੱਗ ਕਰਕੇ ਕਣਕਾਂ ਦੀ ਕਟਾਈ-ਗਹਾਈ ਸਿਰਫ ਕੁਝ ਦਿਨਾਂ ਵਿਚ ਹੀ ਪੂਰੀ ਹੋ ਜਾਂਦੀ ਹੈ। ਕਈ ਵਾਰ ਕਿਸਾਨ ਆੜਤੀਆਂ ਨਾਲ ਹਿਸਾਬ ਕਰਕੇ ਖਾਲੀ ਪੱਲਾ ਝਾੜਦਾ ਘਰ ਆ ਜਾਂਦਾ ਹੈ। ਸਾਰੇ ਦੇਸ਼ ਦਾ ਢਿੱਡ ਭਰਨ ਵਾਲਾ ਆਪਣੇ ਬੱਚਿਆਂ ਦਾ ਢਿੱਡ ਵੀ ਨਹੀਂ ਭਰ ਸਕਦਾ। ਕਰਜਾਈ ਹੁੰਦੇ ਦੇ ਵੀ ਪੈਰ ਢੋਲ ਦੇ ਡਗੇ ਤੇ ਥਿਰਕਣ ਲੱਗਦੇ ਹਨ ਅਤੇ ਹਾਣੀਆਂ ਨਾਲ ਭੰਗੜੇ ਅਤੇ ਬੋਲੀਆਂ ਪਾ ਕੇ ਗ਼ਮਾਂ ਨੂੰ ਭੁਲਾਕੇ ਖੁਸ਼ੀਆਂ ਮਨਾਉਣ ਦੀ ਕੋਸ਼ਿਸ਼ ਕਰਦਾ ਹੈ।

ਵਿਸਾਖੀ ਦਾ ਦੂਜਾ ਪੱਖ ਧਾਰਮਿਕ ਹੈ। ਇਸੇ ਹੀ ਦਿਨ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਨਿਤਾਣੀ ਤੇ ਲਿਤਾੜੀ ਹੋਈ ਕੌਮ ਨੂੰ ਅੰਮ੍ਰਿਤ ਛਕਾ ਪਾਹੁਲ ਪਿਲਾਕੇ ਗਿਦੜੋਂ ਸ਼ੇਰ ਬਣਾ ਦਿੱਤਾ। ਪੰਜ ਪਿਆਰੇ ਸਾਜਕੇ ਕੌਮ ਨੂੰ ਇਕ ਵਿਲੱਖਣ ਸ਼ਾਨ ਦਿੱਤੀ। ਇਹ ਪੰਜੇ ਸਿੰਘ ਵੱਖ-ਵੱਖ ਜਾਤਾਂ ਵਿਚੋਂ ਅਤੇ ਵੱਖ-ਵੱਖ ਪ੍ਰਾਂਤਾਂ ਵਿਚ ਲੈ ਕੇ ਕੌਮ ਨੂੰ ਨਵੀਂ ਸੇਧ ਦਿੱਤੀ। ਗੁਰੂ ਜੀ ਨੇ ਜਾਤ-ਪਾਤ ਅਤੇ ਪ੍ਰਾਂਤਾਂ ਨੂੰ ਇਕੋ ਰੂਪ ਕਰ ਦਿੱਤਾ। ਸਿੰਘ ਬਣਾ ਦਿੱਤੇ ਇਥੇ ਹੀ ਬਸ ਨਹੀਂ ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਬੇਨਤੀ ਕਰਕੇ ਉਨਾਂ ਤੋਂ ਅੰਮ੍ਰਿਤ ਛਕਿਆ। ਇਸ ਤਰਾਂ ਗੁਰੂ-ਚੇਲੇ ਦੇ ਭੇਦ ਨੂੰ ਵੀ ਖਤਮ ਕਰ ਦਿੱਤਾ। ਇਸ ਤਰਾਂ ਦੀ ਮਿਸਾਲ ਦੁਨੀਆਂ ਵਿਚ ਕਿਧਰੇ ਵੀ ਨਹੀਂ ਮਿਲਦੀ। ਪਰ ਅੱਜ ਅਸੀਂ ਇਨਾਂ ਅਸੂਲਾਂ ਤੋਂ ਮੁਨਕਰ ਹੋ ਕੇ ਫਿਰ ਜਾਤਾਂ ਪਾਤਾਂ ਵਿਚ ਵੰਡੇ ਗਏ ਹਾਂ। ਇਥੋਂ ਤੱਕ ਕਿ ਗੁਰਦੁਆਰਿਆਂ ਮੰਦਰਾਂ ਆਦਿ ਦੇ ਨਾਂ ਵੀ ਧਰਮਾਂ-ਜਾਤਾਂ-ਪਾਤਾਂ ਦੇ ਨਾਂ ਤੇ ਰੱਖ ਲਏ ਹਨ। ਜਿਵੇਂ ਇਹ ਰਾਮਗੜੀਆਂ ਦਾ ਗੁਰਦੁਆਰਾ ਹੈ, ਇਹ ਰਾਮਦਾਸੀਆਂ ਦਾ ਗੁਰਦੁਆਰਾ ਹੈ ਅਤੇ ਇਹ ਟਾਂਕਸ਼ਤਰੀਆਂ ਦਾ ਹੈ। ਅਸੀਂ ਵਿਸਾਖੀ ਦੇ ਮਹੱਤਵ ਨੂੰ ਵੀ ਤਾਂ ਸਮਝ ਸਕਦੇ ਹਾਂ ਜੇਕਰ ਅਸੀਂ ਜਾਤ-ਪਾਤ ਤੋਂ ਉੱਪਰ ਉਠਕੇ ਰਲਕੇ ਦਿਲੋਂ ਇਕ ਹੋ ਕੇ ਇਸ ਤਿਉਹਾਰ ਨੂੰ ਮਨਾਈਏ।

ਇਸ ਦਾ ਇਕ ਮਹੱਤਵ ਇਤਿਹਾਸਕ ਹੈ। ਇਤਫਾਕ ਨਾਲ ਇਸੇ ਹੀ ਦਿਨ ਅੰਮ੍ਰਿਤਸਰ ਵਿਚ ਜਲਿਆਂ ਵਾਲੇ ਬਾਗ ਵਿਚ ਇਕੱਠੇ ਹੋਏ ਮਾਸੂਮ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਸੀ। ਇਸ ਘਟਨਾ ਦੀ ਕਲਪਨਾ ਕਰਕੇ ਇਨਸਾਨੀ ਰੂਹ ਕੰਬ ਉੱਠਦੀ ਹੈ। ਉਹ ਰਾਜ ਕਰਨ ਦੀ ਖਾਤਰ ਲੋਕਾਂ ਤੇ ਅੱਤਿਆਚਾਰ ਕਰਦੇ ਰਹੇ। ਜੇ ਅੱਜ ਅਸੀਂ ਆਪਣੇ ਹੀ ਦੇਸ਼ ਵਿਚ ਝਾਤ ਮਾਰਦੇ ਹਾਂ ਤਾਂ ਉਸ ਤੋਂ ਵੀ ਘਿਨਾਉਣੇ ਕਾਰੇ ਹੋ ਰਹੇ ਹਨ। ਕਿਸੇ ਰੇਲ ਗੱਡੀਆਂ ਨੂੰ ਅੱਗਾਂ ਲਾ ਕੇ ਬੇਮਸੂਮਾਂ ਨੂੰ ਜਲਾਇਆ ਜਾ ਰਿਹਾ ਹੈ ਤੇ ਕਿਸੇ ਬਦਲਾ ਲੈਣ ਲਈ ਛੁਰਿਆਂ-ਹਥਿਆਰਾਂ ਨਾਲ ਇਕੋ ਦਿਨ ਵਿਚ ਸੈਂਕੜੇ ਆਦਮੀ ਕਤਲ ਕੀਤੇ ਜਾ ਰਹੇ ਹਨ। ਜਾਇਦਾਦਾਂ ਫੂਕੀਆਂ ਜਾ ਰਹੀਆਂ। ਅੱਜ ਮਨੁੱਖਤਾ ਬਾਰੇ ਸੋਚਣ ਦੀ ਲੋੜ ਹੈ। ਹੰਕਾਰ ਨੂੰ ਸਾੜਨ ਦੀ ਲੋੜ ਹੈ ਨਫ਼ਰਤ ਨੂੰ ਕਤਲ ਕਰਨ ਦੀ ਲੋੜ ਹੈ।

ਆਓ ਅਸੀਂ ਪਰਨ ਕਰੀਏ ਕਿ ਰਲ ਮਿਲਕੇ ਪਿਆਰ ਨਾਲ ਦੁੱਖ-ਸੁੱਖ ਸਾਂਝੇ ਕਰੀਏ ਤਾਂ ਜੋ ਤਿਉਹਾਰ ਦੀ ਖੁਸ਼ੀ ਆਪਣਿਆਂ ਦੇ ਸੰਗ ਦੂਣੀ ਚੌਣੀ ਹੋ ਜਾਵੇ। ਵਿਸਾਖੀ ਦਾ ਤਿਉਹਾਰ ਗਿੱਧੇ ਅਤੇ ਭੰਗੜੇ ਤੋਂ ਬਿਨਾਂ ਅਧੂਰਾ ਮੰਨਿਆਂ ਜਾਂਦਾ ਹੈ। ਇਹ ਤਿਉਹਾਰ ਸਾਨੂੰ ਯਾਦ ਕਰਵਾਈ ਰੱਖਦੇ ਹਨ ਕਿ ਸਾਡਾ ਪੁਰਾਤਣ ਵਿਰਸਾ ਕਿਹੋ ਜਿਹਾ ਸੀ ਅਸੀਂ ਉਨਾਂ ਸਮਿਆਂ ਨੂੰ ਯਾਦ ਰੱਖਿਏ ਕਿਤੇ ਅਸੀਂ ਤੇਜ਼ ਰਫਤਾਰ ਜ਼ਿੰਦਗੀ ਵਿਚ ਆਪਸੀ ਭਾਈਚਾਰਾ, ਮਿਲਵਰਤਨ ਤੇ ਅਪਨਤ ਨੂੰ ਭੁਲਾ ਨਾ ਦੇਈਏ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' ਲਾਈਵ

Titel Regd No. PUNPUN 04016 | Year 8 | Edition 01 | Issue Date 05-04-2023

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੇਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਵਿਸ਼ੇਸ਼ ਪ੍ਰਤੀਨਿਧ (ਕੈਨੇਡਾ): ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਾਰੇਵਾਲਾ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ




ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ !



GURU NANAK LIBRARY
ऑनलाईन फार्म | एडमिशन फार्म | रिजल्ट
पासपोर्ट | पैन कार्ड | लैमिनेशन
यहां पर सभी प्रकार के Competition से Related Books मार्किट से सस्ते रेटों पर मिलती है।
यहां पर IGNOU, के सभी प्रकार के फार्म भरने की सुविधा है।
99929-99115
onlinesolution811@gmail.com

<u>ਵਿਸ਼ੇਸ਼ ਨੋਟ</u> : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

<u>ਲੇਖਕਾਂ ਪ੍ਰਤੀ</u> 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।

Scanned with CamScanner




# ਵਿਸਾਖੀ ਦਾ ਦਿਹਾੜਾ ਤੇ ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ

ਪੰਜਾਬ ਦੇ ਕਲਚਰ, ਮਜ਼ਹਬ ਤੇ ਸਿਆਸਤ ਦੀ ਤਵਾਰੀਖ ਵਿੱਚ ਵੈਸਾਖੀ ਜਾਂ ਵੈਸਾਖ ਮਹੀਨ ਦੀ ਪਹਿਲੀ ਤਾਰੀਖ ਦੀ ਖਾਸ ਜਗ੍ਹਾ ਹੈ। ਵੈਸਾਖੀ ਨਵੇਂ ਸਾਲ ਦੀ ਸ਼ੁਰੂਆਤ ਕਰਦੀ ਹੈ। ਕਣਕਾਂ ਦਾ ਹਰਿਆ ਭਰਿਆ ਰੰਗ ਦਿਨਾਂ 'ਚ ਹੀ ਸੁਨਹਿਰੀ ਰੰਗ 'ਚ ਬਦਲ ਜਾਂਦਾ ਹੈ। ਇਕੱਲੇ ਕਿਸਾਨ ਨੂੰ ਨਹੀਂ ਸਗੋਂ ਇਸ ਅਨਾਜ ਭਰੇ ਹਾੜ੍ਹੀ ਦੇ ਮੌਸਮ ਨਾਲ ਕਿਰਤੀ ਵਰਗ ਤੋਂ ਲੈ ਕੇ ਸ਼ਹਿਰ ਦੇ ਆੜ੍ਹਤੀਏ ਅਤੇ ਸਾਰੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਏ ਲੋਕਾਂ ਨੂੰ ਚਾਅ ਵੀ ਹੁੰਦਾ ਹੈ। ਸਰਦੀ ਜਾ ਕੇ ਗਰਮੀ ਆਉਂਦੀ ਹੈ ਤੇ ਮੌਸਮ ਦੀ ਤਬਦੀਲੀ ਆਉਂਦੀ ਹੈ। ਚਾਰੇ ਪਾਸੇ ਨਵੀਂ ਰੁੱਤ ਦਾ ਆਗਾਜ਼ ਹੁੰਦਾ ਹੈ। ਬਾਣੀ 'ਚ ਵੀ ਬਾਰਾਂ ਮਾਂਹ ਦਾ ਜ਼ਿਕਰ ਆਉਂਦਾ ਹੈ:-

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥**

ਖੇਤਾਂ 'ਚ ਲਹਿ ਲਹਿਰਾਉਂਦੀਆਂ ਫਸਲਾਂ ਕਿਸਾਨ ਨੂੰ ਖੁਸ਼ੀ ਵਿੱਚ ਝੂਮਣ ਲਾ ਦਿੰਦੀਆਂ ਹਨ। ਕਿਉਂਕਿ ਕਿਸਾਨ ਨੇ ਵੀ ਉਸ ਫਸਲ 'ਤੇ ਹੀ ਕਈ ਆਸਾਂ ਲਾਈਆਂ ਹੁੰਦੀਆਂ। ਇਸ ਬਹਾਰ ਭਰੇ ਮੌਸਮ ਨੂੰ ਧਨੀ ਰਾਮ ਚਾਤ੍ਰਿਕ ਆਪਣੀ ਇੱਕ ਕਵਿਤਾ 'ਚ ਇਵੇਂ ਜ਼ਿਕਰ ਕਰਦਾ ਹੈ:-

**ਆ ਗਿਆ ਵਿਸਾਖ ਚੇਤ ਗਿਆ ਲੰਘ ਏ।**
**ਕਣਕਾਂ ਦਾ ਹੋ ਗਿਆ ਸੁਨਹਿਰੀ ਰੰਗ ਏ।**
**ਬਾਗਾਂ ਉਤੇ ਰੰਗ ਫੇਰਿਆ ਬਹਾਰ ਨੇ।**
**ਬੇਰੀਆਂ ਲਫਾਈਆਂ ਟਹਿਣੀਆਂ ਦੇ ਭਾਰ ਨੇ।**
........................................
........................................
**ਕੱਛੇ ਮਾਰ ਵੰਝਲੀ ਅਨੰਦ ਛਾ ਗਿਆ।**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।**
....................................

ਵਿਸਾਖੀ ਦਾ ਦਿਹਾੜਾ ਜਿੱਥੇ ਫਸਲ ਪਖੋਂ ਜਾਂ ਅਨਾਜ ਪਖੋਂ ਤੇ ਮੌਸਮ ਪਖੋਂ ਵਿਸ਼ੇਸ਼ ਥਾਂ ਰੱਖਦਾ ਹੈ ਉਤੇ ਸਿਖ ਤਵਾਰੀਖ ਦੀਆਂ ਬਹੁਤ ਸਾਰੀਆਂ ਘਟਨਾਵਾਂ ਅਤੇ ਜਮਾਨਾ ਬਦਲਣ ਦੇਣ ਵਾਲੀਆਂ ਗੱਲਾਂ ਦੇ ਪਿਛੋਕੜ ਵਿੱਚ ਇਸ ਦਿਨ ਦੀ ਆਪਣੀ ਮਹੱਤਤਾ ਹੈ।

ਅਨੰਦਪੁਰ ਸਾਹਿਬ ਦੀ ਧਰਤੀ ਨੂੰ ਮਾਣ ਪ੍ਰਾਪਤ ਹੈ। ਅਨੰਦਪੁਰ ਦੇ ਨਾਂ 'ਤੇ ਹੀ ਸਾਨੂੰ ਪਤਾ ਲੱਗਦਾ ਹੈ ਅਨੰਦ ਦੀ ਪ੍ਰਾਪਤੀ। ਸੋ ਇਸ ਅਨੰਦਾਂ ਦੀ ਭਰੀ ਧਰਤੀ....

ਇਸ ਧਰਤੀ ਨੂੰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ 9ਵੇਂ ਪਾਤਸ਼ਾਹ ਨੇ ਕਹਿਲੂਰ ਦੇ ਪਹਾੜੀ ਚੰਪਾ ਤੋਂ 500 ਰੁਪਏ ਲੈ ਕੇ 1665 ਈਸਵੀਂ 'ਚ ਵਸਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹਦਾ ਨਾਂ ਜੋ ਆਪਣੀ ਸਤਿਕਾਰਯੋਗ ਮਾਤਾ ਚੱਕ ਨਾਨਕੀ ਰੱਖਿਆ। ਸੋ ਏਸੇ ਹੀ ਧਰਤੀ ਤੇ ਸੰਨ 1699 ਈਸਵੀਂ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪ੍ਰਗਟ ਕੀਤਾ। ਇਸ ਐਲਾਨ ਨਾਲ ਉਸ ਵਕਤ ਦੀ ਸਿਆਸੀ ਤੇ ਮਜ਼ਹਬੀ ਫਿਲਾਸਫੀ ਦੇ ਰਹਿੰਦ ਖੂੰਹਦ ਨੂੰ ਚੈਲਿੰਜ ਕੀਤਾ। ਸੁਕਰਾਤ, ਪਲੈਟੋ, ਅਰਸਤੂ, ਮੇਕਿਆਵਲੀ, ਚਾਣਕਿਆ, ਮਨੂੰ ਦੀ ਸਿਆਸੀ ਫਿਸਾਸਫੀ ਜੋ ਉਦੋਂ ਜਿੱਥੇ ਬਾਸੀ ਹੋ ਗਈ ਸੀ, ਉਥੇ ਉਹ ਨਾ ਕਾਮਯਾਬ ਵੀ ਹੋ ਨਿਬੜੀ ਸੀ। ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਜੀ ਦੀ ਸ਼ਹਾਦਤ ਤੋਂ ਬਾਦ ਜਦ 6ਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੌਕੇ ਤੇ ਹਾਲਾਤ ਵੇਖਦੇ ਹੋਏ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤੋਂ ਬਾਦ ਹਾਲਤ ਹੀ ਕੁਝ ਐਸੇ ਹੋ ਗਏ ਸਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੋਰ ਕੋਈ ਰਾਹ ਨਾ ਦਿਸਦਾ ਵੇਖ ਕੇ ਖਾਲਸਾ ਪ੍ਰਗਟ ਕਰਨ ਦਾ ਮਨ ਬਣਾ ਲਿਆ। ਉਸ ਵਕਤ ਦੁਨਿਆਵੀ ਹਾਕਮਾਂ ਤੇ ਦੁਨਿਆਵੀ ਤਖਤ ਅਜੀਬ ਕਾਰਵਾਈਆਂ ਰੱਤੇ ਹੋਏ ਸਨ। ਇਹ ਕਾਰਵਾਈਆਂ ਗੈਰ ਇਨਸਾਨੀ ਤੇ ਬੇ-ਅਸੂਲੀਆਂ, ਬੇ-ਇਨਸਾਫੀ ਭਰੀਆਂ ਤੇ ਅਣਚਾਹੀਆਂ ਤੇ ਉਸ ਅਕਾਲ ਪੁਰਖ ਵਾਹਿਗੁਰੂ ਤੇ ਸਦੀਵੀ ਹੁਕਮ ਦੇ ਉਲਟ ਸਨ। ਪਾਤਸ਼ਾਹ ਝੂਠਾ ਪਾਤਸ਼ਾਹ ਸੀ, ਸਰਕਾਰ ਝੂਠੀ ਸਰਕਾਰ ਸੀ, ਅਹਿਲਕਾਰ, ਝੂਠੇ ਅਹਿਲਕਾਰ ਸਨ, ਸ਼ਾਹੀ ਹੁਕਮ ਝੂਠੇ ਹੁਕਮ ਸਨ, ਫਰਮਾਨ ਝੂਠੇ ਫਰਮਾਨ ਸਨ, ਤਖਤ ਝੂਠੇ ਤਖਤ ਸਨ, ਸੱਚ ਕੀ ਸੀ? ਹਕੀਕਤ ਕੀ ਸੀ? ਅਕਾਲ ਪੁਰਖ ਦਾ ਹੁਕਮ ਕੀ ਸੀ? ਇਹ ਸਾਰੇ ਵਿੱਚੋਂ ਅਪੋਲ ਸਨ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵੱਡੇ ਵਡੇਰਿਆਂ ਜੋ ਬਾਬਾ ਨਾਨਕ ਜੀ ਤੋਂ ਲੈ ਕੇ 9ਵੇਂ ਪਾਤਸ਼ਾਹ ਤੱਕ ਜੋ ਵਤੀਰਾ ਜਾਂ ਜੋ ਜਬਰ ਜ਼ੁਲਮ ਸਮਕਾਲੀ ਹਕੂਮਤਾਂ ਵਲੋਂ ਹੁੰਦਾ ਆਇਆ ਸੀ। ਸਭ ਧਿਆਨ ਗੋਚਰੇ ਰੱਖਦੇ ਹੋਏ ਉਹਨਾਂ ਸਿਧਾਂਤਾਂ ਨੂੰ ਪਰਪੱਕ ਰੂਪ 'ਚ ਸਿਰਜਿਆ ਤੇ ਸਥਾਪਤ ਕੀਤਾ ਜੋ ਬੀਜ ਰੂਪ 'ਚ ਆਪ ਜੀ ਨੂੰ ਵਿਰਾਸਤ ਵਿੱਚੋਂ ਮਿਲੇ ਸਨ। ਉਹਨਾਂ ਸਿਧਾਂਤਾਂ ਨੂੰ ਅਸੀਂ ਮੁੱਖ ਰੂਪ ਵਿੱਚ ਹੇਠ ਲਿਖੇ ਅਨੁਸਾਰ ਦਰਸਾ ਸਕਦੇ ਹਾਂ।

1. ਸ਼ਕਤੀ ਦਾ ਵਿਕੇਂਦਰੀਕਰਨ
2. ਲੋਕਤੰਤਰੀ ਢਾਂਚੇ ਦੀ ਸਥਾਪਨਾ
3. ਭਗਤੀ ਤੇ ਸ਼ਕਤੀ ਦਾ ਸੁਮੇਲ



4. ਸਭਿਆਚਾਰਕ ਸੁਤੰਤਰਤਾ ਦਾ ਅਦਰਸ਼
5. ਨੈਤਿਕਤਾ ਤੇ ਜ਼ੋਰ

ਖਾਲਸਾ ਸਾਜਨਾ ਦੀ ਇਸ ਰੂਹਾਨੀ ਘਟਨਾ ਨੇ ਸੰਸਾਰ ਭਰ ਦੇ ਇਤਿਹਾਸ ਨੂੰ ਪ੍ਰਭਾਵਿਤ ਕੀਤਾ। ਇਸ ਘਟਨਾ ਨੇ ਇੱਕ ਵਖਰੀ ਤਰ੍ਹਾਂ ਦੇ ਸਮਾਜ ਅਤੇ ਸਭਿਆਚਾਰ ਨੂੰ ਜਨਮ ਦਿੱਤਾ। ਇਸ ਘਟਨਾ ਦਾ ਉਦੇਸ਼ ਗੁਰੂ ਜੀ ਨੇ ਆਪਣੇ ਬਾਣੀ ਬਚਿੱਤਰ ਨਾਟਕ ਵਿੱਚ ਇਉਂ ਕੀਤਾ ਹੈ:-

**ਧਰਮ ਚਲਾਵਨ ਸੰਤ ਉਚਾਰਨ ॥**
**ਦੁਸ਼ਟ ਸਭਨ ਕੋ ਮੂਲ ਉਪਰਾਨਿ ॥**

ਖਾਲਸਾ ਸਾਜਨ ਦੀ ਘਟਨਾ ਦੌਰਾਨ ਗੁਰੂ ਜੀ ਨੇ ਦ੍ਰਿੜ੍ਹਤਾ ਅਤੇ ਦਲੇਰੀ ਦੀ ਪਰਖ ਕੀਤੀ। ਧਰਮ ਚਲਾਉਣ ਲਈ ਅਤੇ ਧਰਮ ਦੀ ਰਾਖੀ ਕਰਨ ਲਈ ਇਹਨਾਂ ਚੋਹਾਂ ਗੁਣਾਂ ਦੀ ਲੋੜ ਸੀ। ਬਦੀ ਨਾਲ ਟਾਕਰਾ ਕਰਨ ਲਈ ਇੱਕ ਅਜਿਹੇ ਪੰਥ ਦੀ ਲੋੜ ਸੀ ਜੋ ਨਿਰਮਲ ਵੀ ਹੋਵੇ ਅਤੇ ਸ਼ਕਤੀਸ਼ਾਲੀ ਵੀ ਹੋਵੇ। ਇਤਿਹਾਸ ਦੀ ਇਸ ਸਿਰਜਣਾ ਨੇ ਸੰਤ ਸਿਪਾਹੀਆਂ ਦੀ ਇਕ ਅਜਿਹੀ ਫੌਜ ਨੂੰ ਤਿਆਰ ਕੀਤਾ, ਜਿਸ ਨੇ ਸਵਾ ਲਾਖ ਸੇ ਏਕ ਲੜਾਊ ਦੇ ਇਰਾਦੇ ਨੂੰ ਅਮਲੀ ਜਾਮਾ ਪਹਿਨਾ ਦਿੱਤਾ। ਆਮ ਬੰਦੇ 'ਚ ਗੁਰੂ ਜੀ ਨੇ ਏਨੀ ਦਲੇਰੀ ਭਰ ਦਿੱਤੀ ਕਿ ਉਹ ਡਰ ਤੋਂ ਰਹਿਤ ਹੋ ਗਏ। ਇਸ ਘਟਨਾ ਨੇ ਜਾਤ-ਪਾਤ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਦਿੱਤਾ।

ਇਹ ਕੁਦਰਤ ਦਾ ਕ੍ਰਿਸ਼ਮਾ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ਕਿ ਜਿਨ੍ਹਾਂ ਪੰਜ ਪਿਆਰਿਆਂ ਦੀ ਸਾਜਨਾ ਕੀਤੀ ਉਹਨਾਂ ਦੇ ਨਾਲ ਦੀ ਸਿੱਖੀ ਸਿਧਾਂਤ ਦੇ ਸਾਰੇ ਅਸੂਲ ਕੁਦਰਤੀ ਤੌਰ 'ਤੇ ਜੁੜੇ ਹਨ। ਪੰਜ ਪਿਆਰੇ ਜਿਵੇਂ:-

1. ਭਾਈ ਦਯਾ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਹਿੰਮਤ ਸਿੰਘ ਜੀ
4. ਭਾਈ ਮੋਹਕਮ ਸਿੰਘ ਜੀ
5. ਭਾਈ ਸਾਹਿਬ ਸਿੰਘ ਜੀ

ਪੰਜ ਪਿਆਰਿਆਂ ਦੇ ਨਾਮਾਂ ਨਾਲ ਸਿੱਖੀ ਦੇ ਬੁਨਿਆਦੀ ਅਸੂਲ ਇਸ ਪ੍ਰਕਾਰ ਹਨ-ਸਿਖ ਧਰਮ 'ਚ ਸਭ ਤੋਂ ਪਹਿਲ ਪਹਿਲਾਂ ਦਿਆ ਨੂੰ ਦਿੱਤੀ ਗਈ ਹੈ। ਪਹਿਲਾਂ ਕਿਸੇ ਤੇ ਵਾਰ ਨਹੀਂ ਕਰਦੇ। ਜਬ ਬਾਣ ਲਾਗੇ ਤਬ ਰੋਸ ਜਾਗੇ। ਫਿਰ ਇਹ ਕਿਸੇ ਨੂੰ ਬਖਸ਼ਦੇ ਨਹੀਂ ਤੇ ਦੂਜਾ ਧਰਮ 'ਚ ਇਹ ਸਿਖ ਪ੍ਰੱਪਕ ਹੁੰਦੇ ਹਨ। ਇਹਨਾਂ ਨੂੰ ਰਹਿਤ ਹੀ ਪਿਆਰੀ ਹੁੰਦੀ ਹੈ। ਰਹਿਤ ਪਿਆਰੀ ਮੁਝਕੋ ਜਾਂ ਫਿਰ ਧੌਲ ਧਰਮ ਦਿਆ ਕਾ ਪੂਤ। ਤੀਜਾ ਉਹ ਗੁਰੂ ਦਾ ਸਿੱਖ ਕਹਿਲਾਉਣ ਦਾ ਹੱਕਦਾਰ ਨਹੀਂ ਜੋ ਅੰਮ੍ਰਿਤ ਵੇਲੇ ਉਠ ਕੇ ਬਾਣੀ ਦਾ ਪਾਠ ਜਾਂ ਸਿਮਰਨ ਨਹੀਂ ਕਰਦਾ। ਇੱਕ ਗੁਰੂ ਜੀ ਦੇ ਸਿੱਖ 'ਚ ਹਿੰਮਤ ਦਾ ਹੋਣਾ ਬਹੁਤ ਜ਼ਰੂਰੀ ਹੈ। ਚੌਥਾ ਮੋਹਕਮ ਦਾ ਮਾਰਗ ਮੁਕਤੀ ਨੂੰ ਪ੍ਰਾਪਤ ਕਰਨਾ। ਜੇ ਇਸ ਮਾਰਗ ਦਾ ਪਾਂਧੀ ਬਣਨਾ ਹੈ ਤਾਂ ਸਿਰ ਦੇਣ ਲੱਗਿਆ ਕਿਰਸ ਵੀ ਨਹੀਂ ਕਰਨੀ:-

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰ ਦੀਜੈ ਕਾਣਿ ਨਾ ਕੀਜੈ ॥**

**(ਪੰਨਾ - 1412)**

ਅਤੇ ਪੰਜਵਾਂ ਨਾ ਜੋ ਭਾਈ ਸਾਹਿਬ ਸਿੰਘ ਜੀ ਹੋਏ ਹਨ। ਉਹਨਾਂ ਦੇ ਨਾਂ ਨਾਲ ਵੀ ਇਹੀ ਵਿਸ਼ੇਸ਼ਤਾ ਹੈ ਕਿ ਗੁਰੂ ਕਾ ਸਿੰਘ ਹਜ਼ਾਰਾਂ ਵਿੱਚੋਂ ਝਟ ਹੀ ਪਛਾਣਿਆ ਜਾ ਸਕਦਾ ਹੈ। ਗੁਰੂ ਜੀ ਦਾ ਸਿੱਖ ਸਾਹਿਬ ਦੀ ਤਰ੍ਹਾਂ ਪੰਜੇ ਕਾਕਾਰ ਪਾ ਕੇ ਸਜ ਧੱਜ ਕੇ ਰਹਿੰਦਾ ਹੈ।

ਸੋ ਇਸ ਤਰ੍ਹਾਂ ਪੰਜਾਬ ਦੇ ਇਤਿਹਾਸ ਵਿਚ ਇਹ ਨਿਵੇਕਲੀ ਹੀ ਪਹਿਚਾਣ ਹੀ ਸਿੱਖ ਪੰਥ ਦੀ ਹੋਈ ਕਹਿ ਸਕਦੇ ਹਾਂ। ਸੋ ਇਸ ਤੋਂ ਇਲਾਵਾ ਵੈਸਾਖੀ ਦਾ ਦਿਹਾੜਾ 13 ਅਪਰੈਲ 1919 ਨੂੰ ਜਦ ਜਨਰਲ ਡਾਇਰ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਤਾਂ ਵੀ ਜਾਣਿਆ ਜਾਂਦਾ ਹੈ। ਇਸ ਤੋਂ ਪਹਿਲਾਂ 1733 ਵਿੱਚ ਵੈਸਾਖੀ ਦੇ ਦਿਹਾੜੇ ਦੀ ਸਿੱਖਾਂ ਨੂੰ ਜਗੀਰਾਂ ਦੀ ਪੇਸ਼ਕਸ਼ ਇਸੇ ਦਿਨ ਹੀ ਹੋਈ। ਫਿਰ 1747 ਵਿੱਚ ਸਿੱਖਾਂ ਨੂੰ ਜਥਿਆਂ ਦੇ ਰੂਪ ਵਿਚ ਜਥੇਬੰਦ ਵੀ ਵੈਸਾਖੀ ਵਾਲੇ ਦਿਨ ਕੀਤਾ ਗਿਆ। 1748 ਈ. ਨੂੰ ਇਹ ਫੈਸਲਾ ਅਕਾਲ ਤਖਤ 'ਤੇ ਹੀ ਲਿਆ ਗਿਆ ਤੇ ਖਾਲਸੇ ਨੂੰ ਵੱਖ-ਵੱਖ 11 ਮਿਸਲਾਂ ਦੇ ਰੂਪ 'ਚ ਵੰਡ ਲਿਆ ਗਿਆ ਜਾਵੇ ਉਦੋਂ ਵੀ ਵੈਸਾਖੀ ਦਾ ਦਿਹਾੜਾ ਹੀ ਸੀ। ਫਿਰ 1780 ਦੀ ਵੈਸਾਖੀ ਦੇ ਹੀ ਦਿਹਾੜੇ ਲਹੌਰ 'ਤੇ ਹਮਲਾ ਕਰਨ ਦਾ ਵੱਖ-ਵੱਖ ਮਿਸਲਾਂ ਨੇ ਮਤਾ ਪਾਸ ਕੀਤਾ। ਸੰਨ 1763 ਈ. ਨੂੰ ਵੈਸਾਖੀ ਦੇ ਦਿਹਾੜੇ ਇੱਕ ਬ੍ਰਾਹਮਣ ਦੀ ਫਰਿਆਦ 'ਤੇ ਕਸੂਰ ਦੇ ਹਾਕਮ ਨੂੰ ਸੋਧਣ ਦਾ ਮਤਾ ਪਾਸ ਹੋਇਆ। 1947 ਈਸਵੀਂ ਦੀ ਵੈਸਾਖੀ ਦੇ ਦਿਨ ਹੀ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਿੱਚ 280 ਜਥੇਦਾਰਾਂ ਦੇ ਇੱਕ ਇਕੱਠ ਨੇ ਅਕਾਲ ਤਖਤ 'ਤੇ ਇਕੱਠੇ ਹੋ ਕੇ ਗੁਰੂਧਾਮਾਂ ਦੀ ਰਾਖੀ ਵਾਸਤੇ ਹਥਿਆਰਬੰਦ ਪ੍ਰਬੰਧ ਕਰਨ ਤੇ ਜਾਨ ਤੱਕ ਵਾਰਨ ਵਾਸਤੇ ਮਤਾ ਪਾਸ ਵੀ ਇਸੇ ਦਿਨ ਹੀ ਕੀਤਾ।

1978 ਦੀ ਵੈਸਾਖੀ ਵਾਲੇ ਦਿਨ ਹੀ ਨਿਰੰਕਾਰੀਆਂ ਹੱਥੋਂ 13 ਸਿੰਘ ਸ਼ਹੀਦ ਹੋਏ। ਸੋ ਇਸ ਤਰ੍ਹਾਂ ਇਹ ਵੈਸਾਖੀ ਦਾ ਦਿਨ ਤੇ ਪੰਜ ਪਿਆਰੇ ਤੇ ਸਿੱਖ ਜਗਤ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ:-

**ਨੀਂਹ ਰੱਖੀ ਗਈ ਸਿੱਖੀ ਦੀ ਸੀਸ ਉਤੇ**
**ਇਹ ਦੁਨੀਆ ਸਾਰੀ ਜਾਣਦੀ ਏ।**
**ਜਿਸ ਗੋਦੜੀ ਨੇ ਕੀਤੇ ਲਾਲ ਪੈਦਾ,**
**ਸਿਖੀ ਗੋਦੜੀ ਦਾ ਨਿੱਘ ਮਾਣਦੀਏ।**
**ਸਿੱਖ ਸੂਰਮੇ ਕਦੇ ਨਾ ਪਿਠ ਦਿੱਤੀ,**
**ਘੜੀ ਆਈ ਜਦੋਂ ਆਨ ਤੇ ਸ਼ਾਨ ਦੀ ਏ।**
**ਝੰਡੇ ਝੁਲਦੇ ਰਹਿਣਗੇ ਜੱਗ ਉਤੇ,**
**'ਜੱਖੂ' ਗੱਲ ਇਹ ਵੱਖਰੀ ਪਹਿਚਾਣ ਦੀ ਏ।**

Scanned with CamScanner



### ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆ ਦੀ ਸਲਾਨਾ ਬਰਸ਼ੀ ਤੇ ਵਿਸ਼ੇਸ਼

# 20ਵੀਂ ਸਦੀ ਦੇ ਉੱਘੇ ਸਮਾਜ ਸੇਵਕ ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ

ਕੁਝ ਅਜਿਹੀਆਂ ਸ਼ਖ਼ਸੀਅਤਾਂ ਹੁੰਦੀਆਂ ਹਨ ਜੋ ਵਿਚ ਦੁਨੀਆਂ ਸੇਵ ਕਮਾਈਏ” ਦੇ ਮਹਾਂਵਾਕ ਅਨੁਸਾਰ ਆਪਣਾ ਤਨ, ਮਨ, ਧਨ ਸਭ ਕੁਝ ਲੋਕ ਸੇਵਾ ਵਿਚ ਲਗਾ ਦਿੰਦੀਆਂ ਹਨ। ਜਿਨ੍ਹਾਂ ਨੇ ਆਪਣੀ ਸਮੁੱਚੀ ਜ਼ਿੰਦਗੀ ਲੋਕ ਸੇਵਾ ਵਿਚ ਲਗਾ ਦਿੱਤੀ ਉਨ੍ਹਾਂ ਦੇ ਜੀਵਨ ਦਾ ਹਰ ਸਾਹ ਮਨੁੱਖਤਾ ਦੇ ਦਿਲ ਦੀ ਧੜਕਣ ਬਣ ਗਿਆ। ਅਜਿਹੀ ਹੀ ਇਕ ਮਹਾਨ ਸ਼ਖ਼ਸੀਅਤ ਸੀ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲੇ ਜਿਨ੍ਹਾਂ ਨੇ ਆਪਣੀ ਜ਼ਮੀਨ ਜਾਇਦਾਦ ਸਭ ਕੁਝ ਲੋਕ ਸੇਵਾ ਹਿੱਤ ਲਗਾ ਦਿੱਤੀ।

ਸਾਡੇ ਬਜ਼ੁਰਗਾਂ ਦੇ ਦੱਸਣ ਮੁਤਾਬਕ ਪਤਾ ਲੱਗਦਾ ਹੈ ਕਿ ਸੰਤ ਬਾਬਾ ਨੰਦ ਸਿੰਘ ਜੀ ਦਾ ਜਨਮ ਲਗਭਗ 1891-92 ਵਿਚ ਸ. ਚੇਤ ਸਿੰਘ ਦੇ ਘਰ ਮਾਤਾ ਭੋਲੀ ਦੀ ਕੁੱਖੋਂ ਹੋਇਆ। ਬਾਬਾ ਜੀ ਨੇ ਆਪਣੀ ਮੁੱਢਲੀ ਸਿੱਖਿਆ ਗੁਰਦੁਆਰਾ ਸਾਹਿਬ ਵਿਚੋਂ ਹਾਸਲ ਕੀਤੀ। ਆਪ ਬਚਪਨ ਤੋਂ ਹੀ ਭਰਵੇਂ ਤੇ ਤਾਕਤਵਰ ਸਰੀਰ ਦੇ ਸਨ। ਇਸ ਲਈ ਬਾਬਾ ਜੀ 1928 ਨੂੰ ਫੌਜ ਵਿਚ ਭਰਤੀ ਹੋ ਗਏ ਅਤੇ ਉੱਥੇ ਹੀ ਆਪ ਜੀ ਨੇ ਉਚੇਰੀ ਸਿੱਖਿਆ ਪ੍ਰਾਪਤ ਕੀਤੀ। ਅੱਠ ਸਾਲ ਫੌਜ ਦੀ ਨੌਕਰੀ ਕਰਨ ਤੋਂ ਬਾਅਦ 1936 ਈ. ਨੂੰ ਆਪਣੀ ਨੌਕਰੀ ਵਿਚੇ ਛੱਡ ਕੇ, ਫੌਜ ਨੂੰ ਅਲਵਿਦਾ ਕਹਿ ਕੇ ਪਿੰਡ 'ਉਤਮ ਟਾਂਡਾ' ਵਿਖੇ ਆਪਣੇ ਗੁਰੂ ਬਾਬਾ ਸ਼ਾਮ ਸਿੰਘ ਜੀ ਕੋਲ ਰਹਿਣ ਲੱਗ ਪਏ। ਉੱਥੇ ਕੁਝ ਚਿਰ ਸੇਵਾ ਭਗਤੀ ਕਰਨ ਤੋਂ ਬਾਅਦ ਬਾਬਾ ਜੀ ਮੋਗੇ ਤੋਂ 8 ਕਿਲੋਮੀਟਰ ਦੂਰ ਪਿੰਡ ਤੋਂ ਬਾਹਰ ਬਾਹਰ ਆਪਣੇ ਖੇਤਾਂ ਵਿਚ ਇਕਾਂਤ ਵਿਚ ਰਹਿਣ ਲੱਗ ਪਏ। ਇੱਥੇ ਬਾਬਾ ਜੀ ਨੇ ਕਾਫੀ ਸਮਾਂ ਭਗਤੀ ਕੀਤੀ। ਉਸ ਤੋਂ ਬਾਅਦ ਬਾਬਾ ਜੀ ਨੇ ਬੱਚਿਆਂ ਨੂੰ ਮੁਫ਼ਤ ਵਿਦਿਆ ਦੇਣੀ ਸ਼ੁਰੂ ਕੀਤੀ। ਆਪ ਜੀ ਨੂੰ ਦੇਸੀ ਦਵਾਈਆਂ ਦਾ ਪੂਰਨ ਗਿਆਨ ਸੀ ਇਸ ਲਈ ਆਪ ਜੀ ਆਪਣੇ ਹੱਥੀਂ ਦਵਾਈ ਬਣਾ ਕੇ ਮੁਫਤ ਦਵਾਈ ਦੇਣ ਲੱਗ ਪਏ। 1972 ਈ. ਨੂੰ ਬਾਬਾ ਜੀ ਨੂੰ ਸਰਬ-ਸੰਮਤੀ ਨਾਲ ਪਿੰਡ ਦਾ ਸਰਪੰਚ ਚੁਣ ਲਿਆ। ਬਾਬਾ ਜੀ ਨੇ ਆਪਣੇ ਕਾਰਜ ਕਾਲ ਦੌਰਾਨ ਅਨੇਕਾਂ ਲੋਕ ਭਲਾਈ ਦੇ ਕੰਮ ਕੀਤੇ। ਬਾਬਾ ਜੀ ਨੇ ਆਪਣੀ ਜ਼ਮੀਨ ਵਿਚ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ। ਇਥੇ ਹੀ ਆਪ ਜੀ ਨੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ। ਕੁਝ ਸਮੇਂ ਬਾਅਦ ਆਪਣੀ ਜ਼ਮੀਨ ਵਿਚ ਹੀ ਸਰਕਾਰੀ ਸਕੂਲ ਦਾ ਨਿਰਮਾਣ ਕਰਵਾ ਦਿੱਤਾ। ਬਾਬਾ ਜੀ ਆਪ ਦੇਸੀ ਦਵਾਈ ਦਿੰਦੇ ਰਹੇ ਅਤੇ ਨਾਲ ਹੀ ਸਰਕਾਰੀ ਆਯੂਰਵੈਦਿਕ ਡਿਸਪੈਂਸਰੀ ਬਣਵਾ ਦਿੱਤੀ। ਹੁਣ ਇਹ ਡਿਸਪੈਂਸਰੀ ਸੰਤ ਬਾਬਾ ਨੰਦ ਸਿੰਘ ਜੀ ਆਯੂਰਵੈਦਿਕ ਡਿਸਪੈਂਸਰੀ ਸੰਤ ਬਾਬਾ ਨੰਦ ਸਿੰਘ ਜੀ ਆਯੂਰਵੈਦਿਕ ਡਿਸਪੈਂਸਰੀ ਦੇ ਨਾਮ ਤੇ ਚੱਲ ਰਹੀ ਹੈ। ਪਸ਼ੂਆਂ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਪਸ਼ੂਆਂ ਦਾ ਹਸਪਤਾਲ ਬਣਵਾਇਆ।

ਇਸ ਤੋਂ ਇਲਾਵਾ ਬਾਬਾ ਜੀ ਨੇ ਮੁਸਲਮਾਨ ਫਕੀਰ ਫੱਕਰ ਬਾਬਾ ਦਾਮੂੰ ਸ਼ਾਹ ਜੀ ਦੀ ਮਜਾਰ ਤੇ ਬਿਲਡਿੰਗ ਦਾ ਨਿਰਮਾਣ ਕਰਵਾਇਆ। ਬਾਬਾ ਦਾਮੂੰ ਸ਼ਾਹ ਜੀ ਦੇ ਮੇਲੇ ਦੇ ਜਨਮ ਦਾਤਾ ਵੀ ਬਾਬਾ ਨੰਦ ਸਿੰਘ ਜੀ ਹੀ ਹਨ। ਇੱਥੋਂ ਪਤਾ ਲੱਗਦਾ ਹੈ ਕਿ ਬਾਬਾ ਜੀ ਸਭ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ ਸਨ। ਬਾਬਾ ਜੀ ਨੇ ਸਮੂੰਹ ਸੰਗਤਾਂ ਨੂੰ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ।

ਬਾਬਾ ਜੀ ਨੇ ਝੂਠੇ ਪਾਖੰਡਵਾਦ ਨੂੰ ਤਿਆਗ ਕੇ ਪਰਮਾਤਮਾਂ ਦਾ ਨਾਮ ਸਿਮਰਨ, ਸੱਚੀ ਕਿਰਤ ਕਰਕੇ ਨੇਕੀ ਦੇ ਰਸਤੇ ਤੇ ਚੱਲਣ ਦਾ ਉਪਦੇਸ਼ ਦਿੱਤਾ। ਬਾਬਾ ਜੀ ਅਨੁਸਾਰ "ਨਿਸ਼ਚੈ ਕਰ ਆਪਣੀ ਜੀਤ ਕਰੋ" ਦਾ ਵਾਕ ਕਾਮਯਾਬੀ ਦਾ ਪ੍ਰਤੀਕ ਹੈ। ਬਾਬਾ ਜੀ ਫਰਮਾਉਂਦੇ ਹਨ ਕਿ ਆਦਮੀ ਕਦੇ ਵੀ ਆਪਣੀ ਸੋਚ ਤੋਂ ਉਪਰ ਨਹੀਂ ਉੱਠ ਸਕਦਾ, ਇਸ ਲਈ ਹਮੇਸ਼ਾ ਅਗਾਂਹ ਵਧੂ ਸੋਚ ਦੇ ਧਾਰਨੀ ਹੋਣਾ ਚਾਹੀਦਾ ਹੈ।

ਅਖਵਾਉਣ ਨੂੰ ਤਾਂ ਸੰਤ ਬਾਬੇ ਬਹੁਤ ਅਖਵਾਈ ਜਾਂਦੇ ਹਨ ਪਰ "ਸੰਤ ਕਾ ਮਾਰਗ ਧਰਮ ਕੀ ਪੌੜੀ, ਕੋ ਵਡਭਾਗੀ ਪਾਏ" ਇਸ ਮਾਰਗ ਨੂੰ ਕੋਈ ਕਰਮਾ ਵਾਲਾ ਹੀ ਪ੍ਰਾਪਤ ਕਰ ਸਕਦਾ ਹੈ ਇਸ ਮਾਰਗ ਤੇ ਚੱਲਣ ਵਾਲੇ ਮਹਾਨ ਗੁਰੂ ਸੰਤ ਬਾਬਾ ਨੰਦ ਸਿੰਘ ਜੀ ਨੂੰ ਜੇਕਰ 20ਵੀਂ ਸਦੀ ਦੇ ਉੱਘੇ ਸਮਾਜ ਸੇਵਕ ਵੀ ਕਿਹਾ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਅਪ੍ਰੈਲ 1989 ਨੂੰ ਬਾਬਾ ਜੀ ਦੇ ਦਿਲ ਦੀ ਧੜਕਣ ਜ਼ਿਆਦਾ ਘੱਟ ਜਾਣ ਕਾਰਨ 'ਪੇਸ ਮੇਕਰ' ਦੀ ਵਰਤੋਂ ਕਰਨੀ ਪਈ। 'ਪੇਸ ਮੇਕਰ' ਦੇ ਜਰੀਏ ਬਾਬਾ ਜੀ 11 ਸਾਲ ਹਰ ਸਰੀਰਕ ਤੌਰ ਤੇ ਲੋਕ ਸੇਵਾ ਵਿਚ ਲਗਾ ਗਏ। ਬਾਬਾ ਜੀ ਦੀ ਰਹਿਮਤ ਸਦਕਾ ਅਨੇਕਾਂ ਲੋਕਾਂ ਦੇ ਕਾਰਜ ਰਾਸ ਹੋਏ ਅਤੇ ਹੁੰਦੇ ਰਹਿਣਗੇ।

ਸੂਰਜ ਕਿਰਨ ਮਿਲੀ ਜਲ ਕਾ ਜਲ ਹੂਆ ਰਾਮ। ਜੋਤੀ ਜੋਤ ਮਿਲੀ ਸੰਪੂਰਨ ਥੀਆ ਰਾਮ॥

ਸਰੀਰਕ ਤੌਰ ਤੇ ਬਾਬਾ ਜੀ 10 ਅਪ੍ਰੈਲ 2000 ਨੂੰ 11.30 ਵਜੇ ਬ੍ਰਹਮ ਜੋਤ ਵਿੱਚ ਮਿਲ ਗਏ। ਕਈ ਮਹਾਂਪੁਰਖਾਂ ਦੀ ਹਾਜ਼ਰੀ ਵਿਚ 11 ਅਪ੍ਰੈਲ ਨੂੰ ਬਾਬਾ ਨੰਦ ਸਿੰਘ ਜੀ ਦਾ ਪਾਕ-ਪਵਿੱਤਰ ਸਰੀਰ ਪੂਰੀ ਸ਼ਰਧਾ ਅਤੇ ਸਨਮਾਨ ਨਾਲ ਅਗਨੀ ਭੇਂਟ ਕਰ ਦਿੱਤਾ ਗਿਆ।

**ਅੱਜ 10 ਅਪ੍ਰੈਲ ਨੂੰ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ ਸਾਲਾਨਾ ਬਰਸ਼ੀ ਤੇ ਸਮੂੰਹ ਸਟਾਫ ਵੱਲੋਂ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ**

**-ਭਵਨਦੀਪ ਸਿੰਘ ਪੁਰਬਾ**
ਮੁੱਖ ਸੰਪਾਦਕ:
'ਮਹਿਕ ਵਤਨ ਦੀ ਲਾਈਵ' ਬਿਓਰੋ



... ਇੱਕ ਪੁਰਾਣੀ ਯਾਦ
ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆ ਦੇ ਨਾਲ ਭਵਨਦੀਪ ਸਿੰਘ ਪੁਰਬਾ

# ਪੰਜਾਬ ਵਿੱਚ ਖਰਾਬ ਹਾਲਾਤ ਅਤੇ ਖਰਾਬ ਮੌਸਮ ਦੇ ਬਾਵਜੂਦ ਵੀ ਸੰਗਤਾਂ ਦੇ ਠਾਠਾ ਮਾਰਦੇ ਇਕੱਠ ਨੇ ਸ਼ਹੀਦਾ ਦੀ ਪਵਿੱਤਰ ਧਰਤੀ ਤੇ ਹਾਜਰੀ ਭਰ ਕੇ ਸ਼ਰਧਾ ਦਾ ਕੀਤਾ ਪ੍ਰਗਟਾਵਾ

## ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਪੁੱਜੀਆਂ ਹੋਈਆਂ ਲੱਖਾਂ ਸੰਗਤਾਂ ਦਾ ਕੀਤਾ ਧੰਨਵਾਦ

**ਚੰਦ ਪੁਰਾਣਾ ਤੋਂ ਭਵਨਦੀਪ ਸਿੰਘ ਪੁਰਬਾ ਦੀ ਵਿਸ਼ੇਸ਼ ਰਿਪੋਰਟ**

ਦੇਸ਼ ਵਿਦੇਸ਼ ਵਿੱਚ ਪ੍ਰਸਿੱਧ ਉੱਤਰੀ ਭਾਰਤ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ) ਚੰਦ ਪੁਰਾਣਾ ਵਿਖੇ ਹਰ ਸਾਲ ਦੀ ਤਰਾਂ ਇਸ ਸਾਲ ਵੀ ਮੁੱਖ ਸੇਵਾਦਾਰ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਯਾਦ ਅਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਦੀ ਬਰਸੀ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਜੋੜ ਮੇਲਾ ਪੂਰੀ ਸ਼ਰਧਾ, ਸਤਿਕਾਰ ਅਤੇ ਧੂਮਧਾਮ ਨਾਲ ਮਨਾਇਆ ਗਿਆ। ਪੰਜਾਬ ਵਿੱਚ ਖਰਾਬ ਹਾਲਾਤ ਅਤੇ ਖਰਾਬ ਮੌਸਮ ਦੇ ਬਾਵਜੂਦ ਵੀ ਸੰਗਤਾਂ ਦੇ ਠਾਠਾ ਮਾਰਦੇ ਇਕੱਠ ਨੇ ਸ਼ਹੀਦਾ ਦੀ ਪਵਿੱਤਰ ਧਰਤੀ ਤੇ ਹਾਜਰੀ ਭਰ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਉਚੇਚੇ ਤੌਰ ਨਤਮਸਤਕ ਹੋਏ। ਉਨ੍ਹਾਂ ਜੁੜ ਬੈਠੀਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਕਿਹਾ ਕਿ ਇਸ ਅਸਥਾਨ ਦੇ ਬਾਨੀ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਵਲੋਂ ਸਿੱਖੀ ਦੇ ਪ੍ਰਚਾਰ ਅਤੇ ਸਮਾਜ ਭਲਾਈ ਦੇ ਕਾਰਜਾਂ ਦੀ ਪਰੰਪਰਾ ਨੂੰ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਵਲੋਂ ਵੱਧ-ਚੜ੍ਹ ਕੇ ਅੱਗੇ ਤੋਰਿਆ ਜਾ ਰਿਹਾ ਹੈ, ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਨਿਰੰਤਰ ਸੇਵਾਵਾਂ ਜਾਰੀ ਹਨ। ਇਸ ਮੌਕੇ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਅਤੇ ਚੇਅਰਮੈਨ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ ਵਲੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸਿਰੋਪਾਓ, ਲੋਈ ਅਤੇ ਸ੍ਰੀ ਸਾਹਿਬ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ।

ਸਜੇ ਹੋਏ ਦੀਵਾਨ ਵਿਚ ਉੱਚਕੋਟੀ ਦੇ ਰਾਗੀ, ਢਾਡੀ ਤੇ ਕਥਾ ਵਾਚਕ ਭਾਈ ਗੁਰਪ੍ਰੇਮ ਸਿੰਘ ਲੱਖਾ ਰੋਡੇ, ਬੀਬੀ ਮਨਪ੍ਰੀਤ ਕੌਰ ਮੋਗਾ ਵਾਲੇ, ਭਾਈ ਹਰਿੰਦਰ ਸਿੰਘ ਮਹਿਤਪੁਰ ਵਾਲੇ, ਭਾਈ ਜਸਵਿੰਦਰ ਸਿੰਘ ਮੋਗਾ ਵਾਲੇ, ਮੀਰੀ ਪੀਰੀ ਜਥਾ ਜਮੁਨਾ ਨਗਰ ਵਾਲੇ, ਬੀਬੀ ਅਮਨਦੀਪ ਕੌਰ ਖ਼ਾਲਸਾ ਨਕੋਦਰ ਵਾਲੇ, ਭਾਈ ਇਕਬਾਲ ਸਿੰਘ ਅਤੇ ਹੋਰਨਾਂ ਅਨੇਕਾਂ ਜਥਿਆਂ ਨੇ ਰੱਬੀ ਬਾਣੀ ਦਾ ਅੰਮ੍ਰਿਤਮਈ ਕੀਰਤਨ ਕਰ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਸਮਾਗਮ ਵਿੱਚ ਵੱਡੇ ਪੱਧਰ 'ਤੇ ਪੁੱਜੀਆਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਇੰਚ ਦੀ ਪਵਿੱਤਰ ਬੀੜ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰਵਾਏ ਗਏ। ਇਸ ਮੌਕੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਸਭ ਤੋਂ ਪਹਿਲਾਂ ਦੇਸ਼-ਵਿਦੇਸ਼ ਤੋਂ ਪੁੱਜੀਆਂ ਹੋਈਆਂ ਲੱਖਾਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਉਨਾਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਸਾਨੂੰ ਸ਼ਹੀਦਾਂ ਦੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਸਿੱਖਿਆ ਲੈਣੀ ਚਾਹੀਦੀ ਅਤੇ ਬਾਣੀ ਬਾਣੇ ਵਿੱਚ ਪ੍ਰਪੱਕ ਰਹਿ ਕੇ ਆਪਣਾ ਜੀਵਨ ਵਸਰ ਕਰਨਾ ਚਾਹੀਦਾ ਹੈ ਅਤੇ ਅੰਮ੍ਰਿ ਛਕ ਕੇ ਵਾਲੇ ਗੁਰੂ ਵਾਲੇ ਬਣਨਾ ਚਾਹੀਦਾ ਹੈ। ਇਸ ਦੌਰਾਨ ਸਟੇਜ ਦਾ ਸੰਚਾਲਨ ਭਾਈ ਇਕਬਾਲ ਸਿੰਘ ਲੰਗੇਆਣਾ ਵਾਲੇ ਅਤੇ ਜੱਥੇਦਾਰ ਗੁਰਦੀਪ ਸਿੰਘ ਲੰਗੇਆਨਾ ਵੱਲੋਂ ਬਾਖੂਬ ਸੇਵਾ ਨਿਭਾਈ ਗਈ।



ਇਸ ਮੌਕੇ ਗਿਆਨੀ ਤੋਤਾ ਸਿੰਘ, ਗੁਰਮਿੰਦਰ ਸਿੰਘ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਮੰਦਰ ਸਾਹਿਬ, ਗੁਰਪ੍ਰੀਤ ਸਿੰਘ, ਸੰਤ ਹਰੀ ਸਿੰਘ ਸ੍ਰੀ ਹੇਮਕੁੰਟ ਸਾਹਿਬ ਵਾਲੇ, ਸੰਤ ਬਲਵੀਰ ਦਾਸ ਹਰਦੁਆਰ ਵਾਲੇ, ਸੰਤ ਸੁਰਿੰਦਰ ਸਿੰਘ ਢੋਲਣ ਵਾਲੇ, ਜਗਦੇਵ ਸਿੰਘ ਨਾਨਕ ਸਰ ਵਾਲੇ, ਸੰਤ ਮਲਕੀਤ ਸਿੰਘ ਬੀੜ ਵਾਲੇ, ਸੰਤ ਅੰਮ੍ਰਿਤਪਾਲ ਸਿੰਘ ਨਾਨਕਸਰ ਵਾਲੇ, ਸੰਤ ਮਲਕੀਤ ਭਲੂਰ, ਭਾਈ ਜਸਵਿੰਦਰ ਦਾਸ ਗਊਸ਼ਾਲਾ ਬੀੜ ਵਾਲੇ, ਗਿਆਨੀ ਸੁੱਚਾ ਸਿੰਘ ਮੋਗਾ, ਰਣਜੀਤ ਜਮੁਨਾ ਨਗਰ ਵਾਲੇ, ਵਾਲੇ, ਸੰਤ ਇਕਬਾਲ ਸਿੰਘ ਨਿਰਮਲੇ, ਸੰਤ ਦਰਸ਼ਨ ਸਿੰਘ, ਗਿਆਨੀ ਜਗਰੂਪ ਸਿੰਘ ਲੰਗੇਆਣਾ, ਸੰਤ ਜਗਤਾਰ ਸਿੰਘ, ਹਰਭਜਨ ਸਿੰਘ ਕਾਰ ਸੇਵਾ ਜੰਡ ਸਾਹਿਬ ਵਾਲੇ, ਸੰਤ ਮੋਹਨ ਦਾਸ ਬਰਗਾੜੀ ਤੋਂ ਇਲਾਵਾ ਹਰਮਨ ਸਿੰਘ ਦੀਦਾਰੇਵਾਲਾ (ਜਿਲ੍ਹਾ ਪ੍ਰਧਾਨ: ਆਮ ਆਦਮੀ ਪਾਰਟੀ, ਮੋਗਾ), ਚੇਅਰਮੈਨ ਦੀਪਕ ਅਰੋੜਾ ਸਮਾਲਸਰ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਜੱਥੇ: ਤੀਰਥ ਸਿੰਘ ਮਾਹਲਾ, ਪੱਪੂ ਸਿੰਘ ਰਾਮੂੰਵਾਲਾ, ਸ੍ਰੋਮਣੀ ਅਕਾਲੀ ਦਲ ਅੰਮ੍ਰਿਸਰ ਦੇ ਆਗੂ ਭਾਈ ਰਣਜੀਤ ਸਿੰਘ ਵਾਂਦਰ, ਨੰਦ ਸਿੰਘ ਬਰਾੜ MC, ਮਨਜੀਤ ਸਿੰਘ ਧੰਮੂ, ਗਾਇਕ ਹਰਜੀਤ ਸਿੱਧੂ, ਭਾਈ ਚਮਕੌਰ ਸਿੰਘ ਇਟਲੀ, ਗੁਰਪ੍ਰੀਤ ਮਨਚੰਦਾ, ਇੰਦਰਜੀਤ ਸਿੰਘ ਜੇ ਈ, ਬਲਤੇਜ ਸਿੰਘ ਲੰਗੇਆਨਾ, ਜਗਦੇਵ ਸਿੰਘ ਨਿਗਾਹਾ ਆਦਿ ਨੇ ਵੀ ਹਾਜ਼ਰੀਆਂ ਭਾਰੀਆਂ ਅਤੇ ਸੰਗਤਾਂ ਲਈ ਗੁਰੂ ਕੇ ਲੰਗਰਾਂ ਅਤੇ ਰਹਿਣ ਦਾ ਉਚੇਚਾ ਪ੍ਰਬੰਧ ਕੀਤਾ ਗਿਆ।

Scanned with CamScanner




# ਟਿੰਡਾਂ ਵਾਲੇ ਖੂਹ ਅਤੇ ਕਿਵੇਂ ਹੁੰਦੀ ਸੀ ਟਿੰਡਾਂ ਦੀ ਮੁਰੰਮਤ



ਪੁਰਾਤਨ ਸਮਿਆਂ ਵਿੱਚ ਊਠਾਂ ਅਤੇ ਬਲਦਾਂ ਨਾਲ ਖੇਤੀ ਕਰਦੇ ਸਨ ਸਾਡੇ ਪੁਰਖੇ। ਓਹਨਾਂ ਸਮਿਆਂ ਵਿੱਚ ਖੇਤੀ ਬਾੜੀ ਕਰਨ ਦੇ ਸੀਮਤ ਤੇ ਸਸਤੇ ਸੰਦ ਹੋਇਆ ਕਰਦੇ ਸਨ, ਜ਼ਿਆਦਾ ਤਰ ਲੋਕ ਓਹਨਾਂ ਸਮਿਆਂ ਵਿੱਚ ਵਿੜੀ ਨਾਲ ਵੀ ਖੇਤੀ ਕਰ ਲਿਆ ਕਰਦੇ ਸਨ, ਕਿਉਂਕਿ ਬਹੁਤ ਹੀ ਵਧੀਆ ਪਿਆਰ ਮੁਹੱਬਤ ਅਪਣੱਤ ਅਤੇ ਸਤਿਕਾਰ ਵਾਲੇ ਸਮੇਂ ਰਹੇ ਹਨ ਪੰਜਾਬ ਵਿੱਚ। ਬਿਲਕੁਲ ਵੀ ਕੋਈ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਲਾ ਸਕਦਾ ਕਿ ਇਹ ਘਰ ਬੈਠਾ ਬੰਦਾ ਜਾਂ ਧੀ ਭੈਣ ਇਸ ਘਰ ਦੀ ਹੀ ਹੈ ਜਾਂ ਆਂਢ ਗੁਆਂਢ ਚੋਂ ਆਈ ਹੈ।

ਸਾਡੇ ਪੁਰਖੇ ਆਪਣੇ ਹੱਥੀਂ ਕੰਮ ਕਰਨ ਨੂੰ ਤਰਜੀਹ ਦਿੰਦੇ ਸਨ ਅਤੇ ਦੂਜਿਆਂ ਨੂੰ ਵੀ ਪ੍ਰੇਰਦੇ ਸਨ ਕਿ ਇਨਸਾਨ ਨੂੰ ਹਰ ਕੰਮ ਆਪਣੇ ਹੱਥੀਂ ਕਰਨਾ ਚਾਹੀਦਾ ਹੈ।ਚਾਰ ਵਜੇ ਉੱਠ ਕੇ ਹਲ ਜੋੜਨੇ,ਘਰ ਦੇ ਕੰਮ ਸਾਰੇ ਬੀਬੀਆਂ ਭੈਣਾਂ ਧੀਆਂ ਨੇ ਕਰਨੇ ਤੇ ਖ਼ੇਤੀ ਕਰਨ ਵਾਲਿਆਂ ਨੂੰ ਰੋਟੀ ਚਾਹ ਵੀ ਖੇਤਾਂ ਚ ਪਚਾਉਣੀ, ਇਸੇ ਨੂੰ ਹੀ ਭੱਤਾ ਬੋਲਿਆ ਜਾਂਦਾ ਰਿਹਾ ਹੈ। ਦੁਪਹਿਰਾਂ ਨੂੰ ਹਾਲੀਆਂ ਨੇ ਹਲ ਛੱਡ ਦੇਣੇ ਨੇੜੇ ਦੇ ਕਿਸੇ ਖੂਹ ਤੇ ਜਾ ਬੋਹੜ ਪਿੱਪਲ ਦੇ ਦਰਖ਼ਤਾਂ ਥੱਲੇ ਆਰਾਮ ਕਰਨਾ। ਖੇਤਾਂ ਨੂੰ ਪਾਣੀ ਦੇਣ ਲਈ ਖੂਹਾਂ ਦੀ ਜਾਂ ਫਿਰ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਸੀ। ਕੁੱਝ ਕੁ ਪਿੰਡਾਂ ਦੇ ਰਕਬੇ ਵਿੱਚ ਬਰਾਨੀ ਜ਼ਮੀਨ ਵੀ ਹੁੰਦੀ ਸੀ,ਉਸ ਵਿੱਚ ਜ਼ਿਆਦਾ ਤਰ ਛੋਲੇ ਜਵਾਰ ਬਾਜਰਾ ਜਾਂ ਹੋਰ ਓਹ ਫਸਲਾਂ ਬੀਜੀਆਂ ਜਾਂਦੀਆਂ ਸਨ ਜੋ ਬਹੁਤ ਘੱਟ ਪਾਣੀ ਚਾਹੁਣ ਵਾਲੀਆਂ ਹੁੰਦੀਆਂ ਸਨ, ਤੇ ਮੀਂਹ ਤੇ ਹੀ ਨਿਰਭਰ ਹੁੰਦੀਆਂ ਸਨ। ਜਦੋਂ ਕਿਤੇ ਬਹੁਤ ਜ਼ਿਆਦਾ ਔੜ ਵੀ ਲੱਗ ਜਾਂਦੀ ਸੀ ਭਾਵ ਮੀਂਹ ਨਾ ਪੈਣਾ। ਫਿਰ ਕਈ ਕਈ ਪਿੰਡ ਰਲਕੇ ਜਾਂ ਆਪੋ ਆਪਣੇ ਪਿੰਡ ਦੇ ਹਿਸਾਬ ਨਾਲ ਧਿਆਣੀਆਂ (ਮਿੱਠੇ ਚਾਵਲ) ਖਵਾਏ ਜਾਂਦੇ ਸਨ, ਗੁੱਡੀਆਂ ਫੂਕੀਆਂ ਜਾਂਦੀਆਂ ਰਹੀਆਂ ਹਨ,ਭਾਵ ਇੰਦਰ ਦੇਵਤਾ ਨੂੰ ਖੁਸ਼ ਕਰਨ ਲਈ ਕਿ ਜਲਦੀ ਮੀਂਹ ਆ ਜਾਵੇ,ਪਰ ਇਹ ਸੱਭ ਮਿਥਿਹਾਸਕ ਗੱਲਾਂ ਈ ਸਨ, ਓਦੋਂ ਦਰੱਖਤਾਂ ਦੀ ਪੰਜਾਬ ਵਿੱਚ ਭਰਮਾਰ ਹੁੰਦੀ ਸੀ ਅਤੇ ਇਨ੍ਹਾਂ ਨਾਲ ਹੀ ਸਮੇਂ ਸਮੇਂ ਮੁਤਾਬਿਕ ਬੇਸ਼ੱਕ ਮੀਂਹ ਤਾਂ ਆ ਹੀ ਜਾਂਦਾ ਸੀ, ਪਰ ਕਲਯੁਗੀ ਆਪਾਂ ਜੀਵਾਂ ਦਾ ਆਪਣਾ ਹੀ ਮਨ ਨਹੀਂ ਸੀ ਖੜਦਾ।

ਤਕਰੀਬਨ ਹਰ ਪਿੰਡ ਵਿੱਚ ਹੀ ਖੂਹ ਹੋਇਆ ਕਰਦੇ ਸਨ, ਕਿਉਂਕਿ ਘਰਾਂ ਵਿੱਚ ਪੀਣ ਲਈ ਪਾਣੀ ਵੀ ਖੂਹਾਂ ਤੋਂ ਹੀ ਭਰਿਆ ਜਾਂਦਾ ਸੀ ਅਤੇ ਖੂਹਾਂ ਦੇ ਪਾਣੀ ਬਹੁਤ ਮਿੱਠੇ ਹੁੰਦੇ ਸਨ,ਕਈ ਪਿੰਡਾਂ ਵਿੱਚ ਮਹਿਰੇ ਜਾਤੀ ਦੇ ਵੀਰ ਹਰ ਘਰ ਪਾਣੀ ਵਹਿੰਗੀ ਤੇ ਲਿਜਾ ਕੇ ਪਾਇਆ ਕਰਦੇ ਸਨ।ਹਾੜੀ ਸਾਉਣੀ ਸੇਪੀ ਤੇ ਕੰਮ ਹੁੰਦੇ ਸਨ, ਭਾਵ ਸਾਰਾ ਸਾਲ ਲੁਹਾਰ ਤਰਖਾਣ ਤੋਂ ਕੰਮ ਕਰਵਾਈ ਜਾਣਾ ਤੇ ਮਿਹਨਤਾਨਾ ਹਾੜੀ ਸਾਉਣੀ ਦਾਣੇ ਦੇ ਕੇ ਹਿਸਾਬ ਚੁਕਤਾ ਕਰ ਦਿੱਤਾ ਜਾਂਦਾ ਸੀ।

ਬੇਸ਼ੱਕ ਲੋਹੇ ਦੀਆਂ ਟਿੰਡਾਂ ਕਾਫ਼ੀ ਸਮਾਂ ਕੱਢ ਜਾਂਦੀਆਂ ਸਨ,ਪਰ ਫਿਰ ਵੀ ਇਹ ਕਹਾਵਤ ਵੀ ਹੈ ਕਿ ਅਕਸਰ ਤਾਂ ਲੋਹਾ ਵੀ ਇੱਕ ਦਿਨ ਗਲ ਜਾਂਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਦੇਰ ਬਾਅਦ ਟਿੰਡਾਂ ਚਿਓਣ ਭਾਵ ਲੀਕ ਕਰਨ ਲੱਗ ਜਾਂਦੀਆਂ ਸਨ ਤੇ ਮਿਹਨਤ ਅਨੁਸਾਰ ਖੂਹ ਚੋਂ ਪਾਣੀ ਨਹੀਂ ਸੀ ਨਿਕਲਦਾ ਭਾਵ ਲੀਕੇਜ ਕਰਕੇ ਟਿੰਡਾਂ ਉੱਪਰ ਆਉਂਦਿਆਂ ਆਉਂਦਿਆਂ ਖਾਲੀ ਹੋ ਜਾਂਦੀਆਂ ਸਨ,ਫਿਰ ਸਾਰੀ ਮਾਲ੍ਹ ਨੂੰ ਭਾਵ ਸਾਰੀਆਂ ਟਿੰਡਾਂ ਨੂੰ ਬਾਹਰ ਕੱਢ ਕੇ ਜ਼ਮੀਨ ਤੇ ਵਿਛਾ ਲੈਣਾ ਓਥੇ ਹੀ ਲੁਹਾਰ ਨੂੰ ਸੱਦ ਕੇ ਜਿਨਾਂ ਦੀ ਰਿਪੇਅਰ ਹੋਣ ਵਾਲੀ ਹੁੰਦੀ ਰਿਪੇਅਰ ਕਰ ਦੇਣੀਆਂ, ਜਿਹੜੀਆਂ ਜਿਆਦਾ ਗਲ ਜਾਂਦੀਆਂ ਓਨਾਂ ਨੂੰ ਖੋਲ੍ਹ ਕੇ ਲੁਹਾਰ ਭਾਈ ਆਪਣੇ ਅੱਡੇ ਤੇ ਲਿਆਉਂਦੇ ਤੇ ਨਵੀਂ ਚਾਦਰ ਲਿਆ ਕੇ ਨਵੀਆਂ ਟਿੰਡਾਂ ਬਣਾ ਕੇ ਪੂਰੀ ਮਾਲ੍ਹ ਤਿਆਰ ਕਰਕੇ ਖੂਹ ਵਿੱਚ ਵਗ੍ਹਾ ਦੇਣੀ, ਪਰ ਇਸ ਕਾਰਜ ਲਈ ਕਈ ਕਈ ਦਿਨ ਲੱਗ ਜਾਂਦੇ ਸਨ ਓਹਨਾਂ ਸਮਿਆਂ ਵਿੱਚ ਗੈਸ ਵਿਲਡਿੰਗ ਨਹੀਂ ਸੀ ਹੁੰਦੀ ਸਗੋਂ ਆਪਦੀ ਵਧੀਆ ਕਾਰੀਗਰੀ ਦੇ ਨਾਲ ਹੀ ਲੁਹਾਰ ਦੀਆਂ ਬਣਾਈਆਂ ਜਾਂ ਰਿਪੇਅਰ ਕੀਤੀਆਂ ਟਿੰਡਾਂ ਲੀਕ ਭਾਵ ਚੋਂਦੀਆਂ ਨਹੀਂ ਸਨ,ਇਹ ਓਹਨਾਂ ਦੀ ਚੰਗੀ ਕਾਰਗੁਜ਼ਾਰੀ ਦੀ ਇੱਕ ਉਦਾਹਰਣ ਹੋਇਆ ਕਰਦੀ ਸੀ। ਆਪੋ ਆਪਣੀ ਵਾਰੀ ਮੁਤਾਬਕ ਹੀ ਖੂਹ ਤੋਂ ਪਾਣੀ ਲਾਇਆ ਜਾਂਦਾ ਰਿਹਾ ਹੈ, ਕਦੇ ਕਿਸੇ ਕਿਸਮ ਦਾ ਰੌਲਾ ਪੈਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਹੁਣ ਅਸੀਂ ਬਹੁਤ ਹੀ ਅਗਾਂਹ ਵਧੂ ਜ਼ਮਾਨੇ ਵਿਚ ਭਾਵ ਬਾਈਵੀਂ ਸਦੀ ਵਿੱਚ ਪ੍ਰਵੇਸ਼ ਕਰ ਲਿਆ ਹੈ, ਮਸ਼ੀਨੀ ਯੁੱਗ ਆ ਗਿਆ ਹੈ, ਹੱਥੀਂ ਕੰਮ ਕਰਨ ਤੋਂ ਆਪਾਂ ਗੁਰੇਜ਼ ਕਰਨ ਲੱਗ ਪਏ ਹਾਂ, ਬੇਸ਼ੱਕ ਇਨਾਂ ਗੱਲਾਂ ਦੀ ਕੋਈ ਜ਼ਿਆਦਾ ਕੀਮਤ ਨਹੀਂ ਹੈ, ਪਰ ਕਹਾਵਤ ਹੈ ਕਿ ਜੋ ਦਿਲ ਵਿੱਚ ਗੱਲ ਹੋਵੇ ਓਹਨੂੰ ਜ਼ਰੂਰ ਕਿਸੇ ਨਾਲ ਸਾਂਝੀ ਕਰ ਲੈਣੀ ਚਾਹੀਦੀ ਹੈ।

ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



### ਕੀ ਤੁਹਾਨੂੰ ਪਤਾ ਹੈ
## ਸਾਡਾ ਪੰਜਾਬੀ ਵਿਰਸਾ

009



ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)

01. ਕਿਸੇ ਜਗ੍ਹਾ ਤੋਂ ਅੱਗੇ ਲਈ ਤੁਰਣ ਨੂੰ 'ਕੂਚ ਕਰਨਾ' ਕਹਿੰਦੇ ਹਨ।
02. 'ਗੋਲੀਆਂ' ਰਾਜੇ, ਰਾਣੀਆਂ ਦੀ ਸੇਵਾ ਕਰਨ ਵਾਲੀਆਂ ਔਰਤਾ ਨੂੰ ਕਹਿੰਦੇ ਸਨ।
03. ਜੋ ਫੈਸਲਾ ਜਾਂ ਗੱਲ-ਬਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਕੀਤਾ ਗਿਆ ਹੋਵੇ ਉਸ ਨੂੰ 'ਗੁਰਮਤਾ' ਕਹਿੰਦੇ ਹਨ।


'ਸਿੱਕਾ'

04. 'ਗੁੱਝਾ' ਸ਼ਬਦ ਦਾ ਮਤਲਬ ਹੈ ਗੁਪਤ।
05. 'ਚੁਫੇਰੇ' ਦਾ ਮਤਲਬ ਚਾਰੇ ਪਾਸੇ (ਚਾਰੇ ਦਿਸਾਵਾ ਵਿੱਚ)
06. 'ਜਨਾਬ' ਮਾਣਯੋਗ ਵਿਅਕਤੀ ਜਾਂ ਆਪਣੇ ਤੋਂ ਵੱਡੇ ਅਫਸਰ ਨੂੰ ਕਹਿੰਦੇ ਹਨ।
07. 'ਸਿੱਕਾ' ਕਿਸੇ ਦੇਸ ਦੀ ਮੁਦ੍ਰਾ ਜਿਸ ਤੇ ਸਰਕਾਰ ਦਾ ਚਿੰਨ੍ਹ ਹੋਵੇ ਤੇ ਰੁਪਏ ਪੈਸੇ ਦੇ ਰੂਪ ਵਿੱਚ ਵਰਤਿਆ ਜਾਂਦਾ ਹੋਵੇ।
08. ਕਿਸੇ ਖਾਸ ਵਿਅਕਤੀ ਦੇ ਅੰਗ-ਰੱਖਿਅਕ ਜਿਨ੍ਹਾਂ ਨੂੰ ਪਹਿਰੇਦਾਰ ਵੀ ਕਿਹਾ ਜਾਂਦਾ ਹੈ।
09. ਕੋਈ ਵੀ ਕੰਮ ਇੱਕਦਮ ਕਰ ਲਈ 'ਤੁਰੰਤ' ਸ਼ਬਦ ਵਰਤਿਆ ਜਾਂਦਾ ਹੈ (ਤੁਰੰਤ=ਇੱਕਦਮ)।
10. ਕਾਗਜ ਤੇ ਲਿੱਖ ਜਦੋਂ ਕਿਸੇ ਨੂੰ ਕੋਈ ਸੁਨੇਹਾ ਭੇਜਿਆ ਜਾਦਾ ਹੈ ਉਸ ਕਾਗਜ ਨੂੰ 'ਚਿੱਠੀ' ਕਿਹਾ ਜਾਂਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988

# ਚਿੱਠੀਏ ਖੰਡ ਤੋਂ ਮਿੱਠੀਏ ਨੀ...



ਪੁਰਾਣੇ ਜ਼ਮਾਨੇ ਵਿੱਚ ਦੂਰ ਬੈਠੇ ਰਿਸ਼ਤੇਦਾਰਾਂ, ਭੈਣ-ਭਰਾਵਾਂ ਲਈ ਚਿੱਠੀ ਲਿਖਣੀ ਤੇ ਪੜ੍ਹਨੀ ਬਹੁਤ ਅਹਿਮੀਅਤ ਰੱਖਦੀ ਸੀ। ਚਿੱਠੀ ਦੀ ਉਡੀਕ ਵਿੱਚ ਦਿਨ ਗਿਣੇ ਜਾਂਦੇ ਸਨ। ਦਿਲ ਦੇ ਸਭ ਜਜ਼ਬਾਤ ਚਿੱਠੀਆਂ ਰਾਹੀਂ ਹੀ ਪ੍ਰਗਟ ਕੀਤੇ ਜਾਦੇ ਸਨ। ਜਿਸ ਦੀ ਜਗ੍ਹਾ ਅੱਜ ਵੱਟਸਐਪ, ਫੇਸਬੁੱਕ ਵਰਗੇ ਸ਼ੋਸ਼ਲ ਮੀਡੀਏ ਨੇ ਲੈ ਲਈ ਹੈ। ਪਰ ਚਿੱਠੀ ਚਿੱਠੀ ਸੀ। ਉਹ ਆਪਣੇ ਆਪ ਵਿੱਚ ਇੱਕ ਵੱਖਰੀ ਹੀ ਅਹਿਮੀਅਤ ਰੱਖਦੀ ਸੀ। ਆਪਣੇ ਮਿੱਤਰ ਪਿਆਰਿਆ, ਸਾਕ-ਸਬੰਧੀਆਂ ਤੇ ਭੈਣਾ-ਭਰਾਵਾਂ ਦੀਆਂ ਲੰਮੀਆਂ-ਲੰਮੀਆਂ ਚਿੱਠੀਆਂ ਪੜ੍ਹਦਿਆਂ ਰਾਤਾ ਬੀਤ ਜਾਂਦੀਆਂ ਸਨ। ਕਈ-ਕਈ ਮਹੀਨੇ ਤੇ ਆਪਣੇ ਸਨੇਹੀਆਂ ਦੀ ਚਿੱਠੀਆਂ ਉਡੀਕਦਿਆਂ ਹੀ ਲੰਘ ਜਾਂਦੇ ਸਨ। ਮਹੀਨੇ ਬੱਧੀ ਉਨ੍ਹਾਂ ਚਿੱਠੀਆਂ ਦੇ ਜੁਆਬ ਭੇਜਣੇ। ਉਨ੍ਹਾਂ ਦੇ ਫੇਰ ਵਾਪਸ ਜੁਆਬ ਮੁੜ ਕੇ ਆਉਣੇ। ਇਹ ਚਿੱਠੀਆਂ ਦਾ ਆਦਾਨ-ਪ੍ਰਧਾਨ ਇਸੇ ਹੀ ਤਰ੍ਹਾਂ ਚੱਲਦਾ ਰਹਿੰਦਾ ਸੀ। ਆਪਣੇ ਸੁਨੇਹੀਆਂ ਦੇ ਰਾਜੀ ਖੁਸ਼ੀ ਦੀ ਖਬਰ ਵੀ ਕੁਝ ਅਰਸੇ ਬਾਅਦ ਹੀ ਪ੍ਰਾਪਤ ਹੁੰਦੀ ਸੀ ਪਰ... ਹੁਣ ਮੋਬਾਇਲਾਂ ਰਾਹੀਂ ਇਹ ਸਾਰਾ ਪ੍ਰਸੀਜਰ ਕੁਝ ਸਕਿੰਟਾਂ ਦੀ ਖੇਡ ਬਣ ਕੇ ਰਹਿ ਗਿਆ ਹੈ। ਪੁਰਾਣੀ ਲਿਖੀ ਗਈ ਚਿੱਠੀ ਦੇ ਸਬੰਧ ਵਿੱਚ ਕੁਝ ਸਤਰਾ ਬਿਆਨ ਕਰਦੀ ਹਾਂ-

ਚੱਲ ਚਿੱਠੀਏ ਖੰਡ ਤੋਂ ਮਿੱਠੀਏ ਨੀ,
ਰਾਜੀ ਖੁਸ਼ੀ ਦੀ ਖਬਰ ਪਹੁੰਚਾ ਦੇਵੀ।
ਜੇਕਰ ਪਿਆਰੀ ਭੈਣ ਸੁੱਤੀ ਹੋਵੇਂ ਗੂੜ੍ਹੀ ਨੀਦ,
ਅੰਗੂਠਾ ਪੈਰ ਦਾ ਪਕੜ ਜਗਾ ਦੇਵੀ।
ਜੇਕਰ ਪੁਛੇ ਚਿੱਠੀ ਕਿਥੋਂ ਆਈ,
ਮੇਰੇ ਸ਼ਹਿਰ ਦਾ ਨਾਮ ਸੁਣਾ ਦੇਵੀ।
ਜੇਕਰ ਪੁਛੇ ਚਿੱਠੀ ਕਿਸ ਨੇ ਹੈ ਪਾਈ,
'ਸੁਖਜੀਤ ਕੌਰ ਸਾਰੋ' ਦਾ ਨਾਮ ਦਿਖਾ ਦੇਵੀ।




'ਸੁਖਜੀਤ ਕੌਰ ਸਾਰੋ', ਮਿਸ਼ੀਸਾਗਾ (ਕੇਨੈਡਾ)

Scanned with CamScanner

# ਅਲੋਪ ਹੋ ਰਿਹਾ ਕਿੱਤਾ - ਮਿੱਟੀ ਦੇ ਭਾਂਡੇ ਬਣਾਉਣਾ



ਪੁਰਾਣੇ ਸਮਿਆਂ ਵਿੱਚ ਔਖੇ ਤੇ ਭਾਰੇ ਕੰਮਾਂ ਲਈ ਮਨੁੱਖੀ ਸ਼ਕਤੀ ਦੀ ਬੜੀ ਲੋੜ ਹੁੰਦੀ ਸੀ। ਕਿਸਾਨੀ ਕਿੱਤੇ ਵਿੱਚ ਇੱਕ-ਦੂਜੇ ਦੀ ਮੱਦਦ ਕਰਨ ਲਈ ਮਿਹਨਤਕਸ਼ ਲੋਕਾਂ ਦਾ ਬੜਾ ਯੋਗਦਾਨ ਹੁੰਦਾ। ਜਦੋਂ ਕੋਈ ਨਵਾਂ ਪਿੰਡ ਬੰਨ੍ਹਿਆ ਜਾਂਦਾ ਤਾਂ ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕ ਵੀ ਨਾਲ ਲਿਆ ਕੇ ਪਿੰਡ ਵਿੱਚ ਵਸਾਏ ਜਾਂਦੇ। ਅਸਲੀਅਤ ਤਾਂ ਇਹ ਹੈ ਕਿ ਕਿੱਤਾ ਵੰਡ ਕਾਰਨ ਹੀ ਜਾਤੀਵਾਦ ਹੋਂਦ ਵਿੱਚ ਆਇਆ, ਜਿਸ ਨੂੰ ਅਜੋਕਾ ਸਮਾਜ ਭਲੀ-ਭਾਂਤ ਜਾਣਦਾ ਤੇ ਸਮਝਦਾ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪਰੈਲ 1699 ਨੂੰ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਜਾਤ-ਪਾਤ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੋਇਆ ਹੈ ਅਤੇ ਗੁਰਬਾਣੀ ਵੀ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਸੁਨੇਹਾ ਦਿੰਦੀ ਹੈ।

ਜੇ ਇਨ੍ਹਾਂ ਕਾਮੇ ਲੋਕਾਂ ਨੂੰ ਉਸ ਸਮੇਂ ਦੀ ਜੀਵਨ ਜਾਚ ਵਿੱਚੋਂ ਮਨਫ਼ੀ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਹ ਲੋਕ ਜੀਵਨ ਦਾ ਅਹਿਮ ਹਿੱਸਾ ਸਨ। ਇਨ੍ਹਾਂ ਵਿੱਚ ਇੱਕ ਘੁਮਿਆਰ ਜਾਤੀ ਹੁੰਦੀ ਜਿਸ ਨੂੰ ਆਦਰ ਵੱਜੋਂ ਪਰਜਾਪਤ ਵੀ ਕਿਹਾ ਜਾਂਦਾ। ਇਨ੍ਹਾਂ ਲੋਕਾਂ ਦਾ ਮੁੱਖ ਕਿੱਤਾ ਅਨਾਜ ਤੇ ਹੋਰ ਸਾਜ਼ੋ-ਸਾਮਾਨ ਦੀ ਢੋ-ਢੁਆਈ ਕਰਨੀ ਤੇ ਮਿੱਟੀ ਦੇ ਭਾਂਡੇ ਬਣਾਉਣਾ ਹੁੰਦਾ। ਇਹੋ ਇਨ੍ਹਾਂ ਦੀ ਰੋਜੀ-ਰੋਟੀ ਦਾ ਸਾਧਨ ਸੀ। ਇਨ੍ਹਾਂ ਲੋਕਾਂ ਦੇ ਜੀਵਨ 'ਤੇ ਪਿੱਛਲਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਇਹ ਕਿੰਨੀ ਮਿਹਨਤ ਕਰਦੇ ਸਨ। ਇਨ੍ਹਾਂ ਦਾ ਨਾਂ ਪਰਜਾਪਤ ਕਿਵੇਂ ਪਿਆ? ਇਸ ਬਾਰੇ ਕਿਹਾ ਜਾਂਦਾ ਹੈ ਕਿ ਕਿਸੇ ਸਮੇਂ ਰਾਜੇ ਦੇ ਪੂਰੇ ਰਾਜ ਵਿੱਚ ਕਾਲ ਪੈ ਗਿਆ ਸੀ। ਕਿਸੇ ਦੂਜੇ ਰਾਜ ਜਾਂ ਇਲਾਕੇ ਵਿੱਚੋਂ ਜਦੋਂ ਘੁਮਿਆਰ ਭਾਈਚਾਰਾ ਆਪਣੇ ਖੱਚਰਾਂ-ਖੋਤਿਆਂ ਤੇ ਅਨਾਜ-ਦਾਣਾ ਲੈ ਕੇ ਪੁੱਜਿਆ ਤਾਂ ਰਾਜੇ ਨੇ ਉਨ੍ਹਾਂ ਨੂੰ 'ਪਰਜਾਪਤ' ਕਹਿ ਕੇ ਨਿਵਾਜਿਆ ਕਿ ਤੁਸੀਂ ਤਾਂ ਪਰਜਾ ਦੀ ਪੱਤ ਰੱਖਣ ਵਾਲ਼ੇ ਹੋ, ਇਕੱਲਾ ਰਾਜਾ ਕੁਝ ਨਹੀਂ ਕਰ ਸਕਦਾ। ਇਸ ਤਰ੍ਹਾਂ ਇਨ੍ਹਾਂ ਨੂੰ ਪਰਜਾਪਤ ਜਾਂ ਪਰਜਾਪਤੀ ਕਿਹਾ ਜਾਣ ਲੱਗਾ।

ਪਰਜਾਪਤ ਭਾਈਚਾਰਾ ਕਿਵੇਂ ਹੱਡ ਤੋੜਵੀਂ ਮਿਹਨਤ ਕਰ ਕੇ ਮਿੱਟੀ ਦੇ ਭਾਂਡੇ ਬਣਾਉਂਦਾ ਸੀ, ਇਸ ਦਾ ਅਜੋਕੇ ਸਮੇਂ ਨੌਜਵਾਨ ਪੀੜ੍ਹੀ ਨੂੰ ਬਿਲਕੁਲ ਪਤਾ ਨਹੀਂ। ਸਾਡੀ ਆਉਣ ਵਾਲ਼ੀ ਪੀੜ੍ਹੀ ਨੂੰ ਤਾਂ ਸ਼ਾਇਦ ਇਹ ਉੱਕਾ ਹੀ ਅਜੀਬੋ-ਗਰੀਬ ਤੇ ਫ਼ਜ਼ੂਲ ਲੱਗੇ। ਇਸ ਕੰਮ ਲਈ ਪੂਰਾ ਪਰਿਵਾਰ ਮਿਹਨਤ ਕਰਦਾ। ਸਭ ਤੋਂ ਪਹਿਲਾਂ ਤਾਂ ਭਾਂਡੇ ਤਿਆਰ ਕਰਨ ਲਈ ਕਿਸੇ ਛੱਪੜ ਵਿੱਚੋਂ ਚੀਕਣੀ ਮਿੱਟੀ ਪੁੱਟ ਕੇ ਲਿਆਂਦੀ ਜਾਂਦੀ। ਕਿਸੇ ਖੇਤ ਦੇ ਨੀਵੇਂ ਥਾਂ ਖੜ੍ਹੇ 'ਚੋਭੇ' (ਟੋਏ) ਵਿੱਚੋਂ ਕਾਫ਼ੀ ਡੂੰਘਾ ਪੁੱਟ ਕੇ ਵੀ ਚੀਕਣੀ ਮਿੱਟੀ ਲਿਆਂਦੀ ਜਾਂਦੀ। ਇਸ ਮਿੱਟੀ ਨੂੰ ਕੁਝ ਦਿਨ ਸੁਕਾ ਕੇ ਚੰਗੀ ਤਰ੍ਹਾਂ ਕੁੱਟਿਆ ਜਾਂਦਾ ਅਤੇ ਬਾਅਦ ਵਿੱਚ ਇਸ ਨੂੰ ਛੋਲੇ ਝਾਰਨ ਵਾਲ਼ੇ ਝਾਰਨੇ ਵਿੱਚੋਂ ਛਾਣਿਆ ਜਾਂਦਾ। ਇਸ ਦੀ ਢੇਰੀ ਲਾ ਕੇ ਬਰੀਕ ਮਿੱਟੀ ਦੀ ਵੱਟ ਬਣਾਈ ਜਾਂਦੀ ਤੇ ਮਿੱਟੀ ਵਿੱਚ ਪਾਣੀ ਪਾ ਦਿੱਤਾ ਜਾਂਦਾ। ਕੁਝ ਘੰਟਿਆਂ ਬਾਅਦ ਉਸ ਵਿੱਚ ਦੰਦਲ ਦਾਤੀ ਫੇਰੀ ਜਾਂਦੀ ਤਾਂ ਜੋ ਮਿੱਟੀ ਵਿੱਚ ਕੋਈ ਡੱਕਾ-ਪੱਤਾ ਜਾਂ ਘਾਹ-ਫੂਸ ਦੀ ਤਿੜ ਨਾ ਰਹਿ ਜਾਵੇ। ਅਜਿਹੀ ਕੋਈ ਚੀਜ਼ ਬਣੇ ਹੋਏ ਪੱਕੇ ਭਾਂਡੇ ਨੂੰ ਰਿਸਣ ਲਾ ਦਿੰਦੀ ਸੀ। ਪਹਿਲਾਂ ਇਸ ਮਿੱਟੀ ਨੂੰ ਪੈਰਾਂ ਨਾਲ ਗੁੰਨ੍ਹਿਆ ਜਾਂਦਾ। ਪਰਿਵਾਰ ਦੇ ਜੀਆਂ ਨਾਲ ਬੱਚੇ ਵੀ ਇਸ ਕੰਮ ਵਿੱਚ ਸ਼ਾਮਲ ਹੁੰਦੇ। ਇਹ ਇੱਕ ਸਾਰ ਹੋਈ ਮਿੱਟੀ ਦੂਰ ਤਕ ਫੈਲਾ ਦਿੱਤੀ ਜਾਂਦੀ ਤੇ ਮੁੜ ਉਸ ਨੂੰ ਆਟਾ ਗੁੰਨ੍ਹਣ ਵਾਂਗ ਹੱਥਾਂ ਨਾਲ ਵਾਰ-ਵਾਰ ਗੁੰਨਿ•ਆ ਜਾਂਦਾ। ਇਸ ਗੁੰਨ੍ਹੀ ਤਿਆਰ ਹੋਈ ਮਿੱਟੀ ਦੇ ਪਥਨੇ (ਵੱਡੇ ਪਿੰਨੇ) ਬਣਾ ਕੇ ਇੱਕ ਪਾਸੇ ਰੱਖ ਦਿੱਤੇ ਜਾਂਦੇ। ਪਥਨਿਆਂ ਦੇ ਇਸ ਢੇਰ ਨੂੰ ਮੋਟੇ ਪੁਰਾਣੇ ਕੱਪੜੇ ਜਾਂ ਬੋਰੀਆਂ ਆਦਿ ਨਾਲ਼ ਢਕ ਦਿੱਤਾ ਜਾਂਦਾ।

ਭਾਂਡੇ ਬਣਾਉਣ ਲਈ ਇਸ ਵਿੱਚੋਂ ਲੋੜ ਅਨੁਸਾਰ ਮਿੱਟੀ ਦੇ ਪਿੰਨੇ ਕੱਢ ਕੇ ਉਨ੍ਹਾਂ ਨੂੰ ਫਿਰ ਹੱਥਾਂ ਨਾਲ਼ ਗੁੰਨਿ•ਆ ਜਾਂਦਾ ਅਤੇ 'ਚੱਕ' ਤੇ ਰੱਖਿਆ ਜਾਂਦਾ। ਪਹਿਲੇ ਸਮਿਆਂ ਵਿੱਚ ਚੱਕ, ਕੱਚੀ ਮਿੱਟੀ ਵਿੱਚ ਸਣ ਰਲਾ ਕੇ ਬਣਾਇਆ ਜਾਂਦਾ ਸੀ। ਜਦੋਂ ਭਿੱਜੀ ਮਿੱਟੀ ਵਿੱਚ ਰਲਿਆ ਸਣ ਗਲ਼ ਜਾਂਦਾ ਤਾਂ ਉਸ ਦਾ ਚੱਕ ਬਣਾਇਆ ਜਾਂਦਾ। ਚੱਕ ਦੇ ਥੱਲੇ ਲੱਕੜ ਦੀ ਕਿੱਲੀ ਭਾਵ ਧੁਰਾ ਹੁੰਦਾ। ਚੱਕ ਨੂੰ ਵਿਚਕਾਰੋਂ ਚੰਗੀ ਤਰ੍ਹਾਂ ਪੱਧਰਾ ਕੀਤਾ ਜਾਂਦਾ ਕਿਉਂਕਿ ਇਹ ਮੁੱਖ ਥਾਂ ਹੁੰਦੀ ਜਿੱਥੇ ਭਾਂਡਾ ਬਣਦਾ। ਚੱਕ ਦੇ ਇੱਕ ਪਾਸੇ ਇੱਕ ਮੋਰੀ ਹੁੰਦੀ ਜਿਸ ਵਿੱਚ ਦੋ-ਢਾਈ ਕੁ ਫੁੱਟ ਡੰਡਾ ਪਾਇਆ ਹੁੰਦਾ ਜਿਸ ਨਾਲ਼ ਭਾਂਡਾ ਬਣਾਉਂਦੇ ਸਮੇਂ ਚੱਕ ਨੂੰ ਘੁਮਾਇਆ ਜਾਂਦਾ। ਭਾਂਡਾ ਬਣਾਉਣ ਲਈ ਮਿੱਟੀ ਨੂੰ ਇੱਕ ਫੁੱਟ ਕੁ ਲੰਬਾ, ਗੋਲਾਈਦਾਰ ਆਕਾਰ ਦਿੱਤਾ ਜਾਂਦਾ ਜੋ ਵਿੱਚੋਂ ਖੋਖਲਾ ਹੁੰਦਾ। ਸਭ ਤੋਂ ਪਹਿਲਾਂ ਭਾਂਡੇ ਦੇ ਗਲ਼ੇ ਦਾ ਆਕਾਰ ਬਣਾਇਆ ਜਾਂਦਾ। ਚੱਕ ਕੋਲ ਪਾਣੀ ਪਾ ਕੇ ਇੱਕ ਤੌੜੀ ਰੱਖੀ ਜਾਂਦੀ ਜਿਸ ਨੂੰ 'ਅਨਾਤ' ਕਿਹਾ ਜਾਂਦਾ। ਭਾਂਡੇ ਨੂੰ ਆਕਾਰ ਦੇਣ ਲਈ ਮਿੱਟੀ ਦਾ ਹੀ 'ਆਫਰਾ' ਹੁੰਦਾ ਜੋ ਤਸਲੇ ਦੀ ਸ਼ਕਲ ਦਾ ਹੁੰਦਾ। ਅਨਾਤ ਵਿਚਲੇ ਪਾਣੀ ਨਾਲ ਹੱਥ ਗਿੱਲੇ ਕਰ-ਕਰ ਕੇ ਭਾਂਡੇ ਨੂੰ ਲੋੜ ਅਨੁਸਾਰ ਬਣਾਇਆ, ਢਾਲਿਆ ਜਾਂਦਾ। ਅਨਾਤ ਦੇ ਉੱਪਰ ਹੀ ਇੱਕ ਡੋਰ ਰੱਖੀ ਹੁੰਦੀ, ਸੂਤ ਦੀ ਵੱਟੀ ਹੋਈ ਇਸ ਡੋਰ ਨੂੰ 'ਸਿਊਣ' ਕਿਹਾ ਜਾਂਦਾ। ਬਣੇ ਹੋਏ ਭਾਂਡੇ ਨੂੰ ਚੱਕ ਉੱਪਰੋਂ ਚੁੱਕਣ ਤੋਂ ਪਹਿਲਾਂ ਉਹ ਡੋਰ ਭਾਂਡੇ ਥੱਲੇ ਪਾਈ ਭਾਵ ਫੇਰੀ ਜਾਂਦੀ ਜੋ ਉਸ ਨੂੰ ਚੱਕ ਨਾਲੋਂ ਅੱਡ ਕਰ ਦਿੰਦੀ।

ਅੱਧ ਬਣੇ ਭਾਂਡਿਆਂ ਨੂੰ ਕੱਪੜੇ ਨਾਲ਼ ਢਕ ਕੇ ਰੱਖਿਆ ਜਾਂਦਾ ਤੇ ਵੱਤ ਆਈ ਤੋਂ ਹੀ ਇਨ੍ਹਾਂ ਨੂੰ ਆਕਾਰ ਦਿੱਤਾ ਜਾਂਦਾ। ਮਿੱਟੀ ਨੂੰ ਪਕਾ ਕੇ ਬਣਾਈ ਗਈ 'ਕਨੇਰੀ' ਨੂੰ ਇੱਕ ਹੱਥ ਵਿੱਚ ਫੜ ਕੇ ਭਾਂਡੇ ਦੇ ਅੰਦਰ ਪਾਇਆ ਜਾਂਦਾ। ਇਹ ਕਨੇਰੀ ਗੋਲ ਆਕਾਰ ਦੇ ਝਾਵੇਂ ਵਰਗੀ ਹੁੰਦੀ। ਦੂਜੇ ਹੱਥ ਵਿੱਚ ਲੱਕੜ ਦਾ ਬਣਿਆ 'ਥਥੂਆ' ਫੜਿਆ ਜਾਂਦਾ ਤੇ ਕੱਚੇ ਭਾਂਡੇ ਨੂੰ ਬਾਹਰੋਂ ਉਸ ਨਾਲ ਥਾਪੜ-ਥਾਪੜ ਕੇ ਸਹੀ ਰੂਪ ਦਿੱਤਾ ਜਾਂਦਾ। ਥਥੂਆ ਛੋਟੇ ਜਿਹੇ ਚੱਕਲੇ ਦੀ ਸ਼ਕਲ ਦਾ ਹੁੰਦਾ ਜਿਸ ਨੂੰ ਇੱਕ ਪਾਸੇ ਤਵੇ ਵਾਂਗੂ ਡੰਡੀ (ਹੈਂਡਲ) ਲੱਗੀ ਹੁੰਦੀ। ਉਹ ਡੰਡੀ ਹੱਥ ਵਿੱਚ ਫੜ ਕੇ ਥਥੂਆ, ਭਾਂਡੇ 'ਤੇ ਹੌਲੀ-ਹੌਲੀ ਮਾਰਿਆ ਜਾਂਦਾ। ਭਾਂਡੇ ਨੂੰ ਥਾਪੜਨ ਸਮੇਂ ਛਾਣਿਆ ਹੋਇਆ ਬਰੀਕ ਰੇਤਾ ਭਾਂਡੇ ਉੱਤੇ ਬਰੂਰਿਆ ਜਾਂਦਾ ਤਾਂ ਜੋ ਥਥੂਆ, ਭਾਂਡੇ ਨਾਲ ਨਾ ਚਿਪਕੇ। ਥਥੂਆ, ਤਿਕੋਣੀ ਜਿਹੀ ਸ਼ਕਲ ਦਾ ਵੀ ਹੁੰਦਾ। ਲੋੜ ਅਨੁਸਾਰ ਅੱਡ-ਅੱਡ ਥਥੂਆ ਵਰਤਿਆ ਜਾਂਦਾ। ਭਾਂਡਾ ਇਕਦਮ ਤਿਆਰ ਨਹੀਂ ਸੀ ਹੁੰਦਾ। ਇਸ ਨੂੰ ਵੱਤ ਦੇਖ ਕੇ ਦੋ-ਤਿੰਨ ਵਾਰ ਹੱਥ ਫੇਰਿਆ ਜਾਂਦਾ। ਸਾਡਾ ਪੇਂਡੂ ਭਾਈਚਾਰਾ ਕਿਸੇ ਵੱਡੇ ਜਾਂ ਬੱਚੇ ਦੇ ਕਨੇਡੂ (ਕੰਨਪੇੜੇ) ਨਿਕਲ ਆਉਣ 'ਤੇ ਪਰਜਾਪਤ ਕੋਲ ਲੈ ਕੇ ਜਾਂਦਾ ਤੇ ਉਹ ਥਥੂਏ ਨਾਲ ਹੱਥ ਹੌਲ਼ਾ (ਫਾਂਡਾ) ਕਰਦਾ। ਹੋ ਸਕਦਾ ਹੈ ਮਿੱਟੀ ਵਿਚਲੇ ਚੰਗੇ ਤੱਤਾਂ ਦੀ ਛੂਹ ਨਾਲ ਕੋਈ ਅਸਰ ਹੁੰਦਾ ਹੋਵੇ। ਇਹੋ ਇਲਾਜ ਅੱਖ 'ਤੇ ਨਿਕਲੀ 'ਗੁਆਂਟਣੀ' ਦਾ ਵੀ ਕੀਤਾ ਜਾਂਦਾ।

ਮਾਹਿਰ ਕਾਰੀਗਰ ਬੜੇ ਧਿਆਨ ਨਾਲ ਧੁੱਪ-ਛਾਂ ਵਿੱਚ ਭਾਂਡੇ ਰੱਖਦੇ। ਸੁੱਕ ਜਾਣ ਉਪਰੰਤ ਭਾਂਡਿਆਂ 'ਤੇ ਸਜਾਵਟ ਕੀਤੀ ਜਾਂਦੀ। ਇਸ ਕੰਮ ਲਈ ਕਿਤੋਂ 'ਬੰਨ੍ਹੀ ਮਿੱਟੀ' ਲੱਭ ਕੇ ਲਿਆਂਦੀ ਜਾਂਦੀ ਜਿਸ ਨੂੰ 'ਪਣਾ' ਵੀ ਕਿਹਾ ਜਾਂਦਾ। ਇਹ ਮਿੱਟੀ ਵੀ ਕੁੱਟ-ਛਾਣ ਕੇ ਰਾਤ ਭਰ ਲਈ ਭਿਉਂ ਕੇ ਰੱਖੀ ਜਾਂਦੀ। ਦੂਜੇ ਦਿਨ ਇਸ ਨੂੰ ਕਿਸੇ ਖੁੱਲ੍ਹੇ ਵੱਡੇ ਭਾਂਡੇ ਵਿੱਚ ਘੋਲ ਲਿਆ ਜਾਂਦਾ। ਪਹਿਲਾਂ ਭਾਂਡੇ ਦਾ ਮੂੰਹ ਉਸ ਵਿੱਚ ਡੁਬੋਇਆ ਜਾਂਦਾ ਤੇ ਨਾਲ ਦੀ ਨਾਲ ਭਾਂਡੇ ਸੁੱਕਦੇ ਰਹਿੰਦੇ। ਇਸ ਘੋਲ ਨਾਲ ਭਾਂਡਿਆਂ ਦੀ ਰੰਗਤ ਵਿੱਚ ਚਮਕ ਆ ਜਾਂਦੀ। ਇਸ ਤੋਂ ਬਾਅਦ ਸੁੱਕ ਚੁੱਕੇ ਭਾਂਡਿਆਂ 'ਤੇ ਚਿੱਤਰਕਾਰੀ ਕੀਤੀ ਜਾਂਦੀ। ਕਿਸੇ ਸੁੱਕੀ ਨਹਿਰ ਵਿੱਚੋਂ ਕਾਲੇ ਰੋੜ ਲੱਭ ਕੇ ਲਿਆਂਦੇ ਜਾਂਦੇ। ਇਨ੍ਹਾਂ ਦੀ ਪਛਾਣ ਕਿਸੇ ਮਾਹਿਰ ਕਾਰੀਗਰ ਨੂੰ ਹੀ ਹੁੰਦੀ। ਕਾਲੇ ਰੋੜਾਂ ਨੂੰ ਧੋ-ਸੰਵਾਰ ਕੇ ਕੂੰਡੇ-ਸੋਟੇ ਨਾਲ ਬਰੀਕ ਕੁੱਟਿਆ ਜਾਂਦਾ। ਫਿਰ ਪਾਣੀ ਪਾ ਕੇ ਰੰਗ ਬਣਾ ਲਿਆ ਜਾਂਦਾ। ਇਸ ਰੰਗ ਨਾਲ਼ ਭਾਂਡਿਆਂ ਉੱਤੇ ਨਮੂਨੇ ਪਾਏ ਜਾਂਦੇ। ਇਸ ਕੰਮ ਲਈ ਵਿਸ਼ੇਸ਼ ਤੌਰ 'ਤੇ ਖੋਤੇ ਦੀ ਪੂਛ ਦੇ ਵਾਲ਼ਾਂ ਦਾ ਬੁਰਸ਼ ਬਣਾਇਆ ਜਾਂਦਾ। ਸੁਨਹਿਰੇ (ਕੂੰਡੇ) ਵਿੱਚ ਕਿਤੇ-ਕਿਤੇ ਸਾਬਤ ਕਾਲ਼ੇ ਰੋੜ ਗੱਡੇ ਜਾਂਦੇ ਤਾਂ ਜੋ ਉਨ੍ਹਾਂ ਦੀ ਰਗੜ ਨਾਲ ਮਸਾਲਾ ਚੰਗੀ ਤਰ੍ਹਾਂ ਕੁੱਟਿਆ ਜਾਵੇ। ਇਹ ਸੁਨਹਿਰੇ ਗਰਮੀ ਦੀ ਰੁੱਤ ਵਿੱਚ 'ਸ਼ਰਦਈ' ਰਗੜਨ ਲਈ ਵਰਤੇ ਜਾਂਦੇ।

ਬਹੁਤ ਸਖ਼ਤ ਮਿਹਨਤ ਅਤੇ ਚੌਕਸੀ ਭਰੇ ਸੁਚੱਜ ਨਾਲ ਤਿਆਰ ਕੀਤੇ ਭਾਂਡਿਆਂ ਨੂੰ 'ਆਵੇ' ਵਿੱਚ ਪਕਾਇਆ ਜਾਂਦਾ। ਘਰ ਦੇ ਖੁੱਲ੍ਹੇ ਵਿਹੜੇ ਦੇ ਕਿਸੇ ਕੋਨੇ ਵੱਲ ਆਵਾ ਬਣਾਇਆ ਹੁੰਦਾ। ਗੋਲ ਘੇਰੇ ਵਾਲਾ ਆਵਾ ਲੋਹੇ ਦੇ ਵੱਡੇ ਸਾਰੇ ਕੜਾਹੇ ਵਰਗਾ ਹੁੰਦਾ। ਇਸ ਦਾ ਘੇਰਾ ਅੰਦਾਜ਼ਨ ਬਾਰ੍ਹਾਂ ਕੁ ਫੁੱਟ ਹੁੰਦਾ ਅਤੇ ਇਹ ਤਿੰਨ ਕੁ ਫੁੱਟ ਡੂੰਘਾ ਹੁੰਦਾ। ਆਵੇ ਵਿੱਚ ਖੜ•ਵੇਂ ਦਾਅ ਪਾਥੀਆਂ ਚਿਣੀਆਂ ਜਾਂਦੀਆਂ। ਬਰਾਬਰ ਚਿਣੀਆਂ ਪਾਥੀਆਂ ਦੇ ਵਿਚਕਾਰ, ਚਾਰ ਕੁੱਜੇ ਮੂਧੇ ਮਾਰੇ ਜਾਂਦੇ। ਇਨ੍ਹਾਂ ਕੁੱਜਿਆਂ ਦੇ ਨਾਲ-ਨਾਲ ਬਣਾਏ ਹੋਏ ਭਾਂਡੇ ਟੇਢੇ ਦਾਅ ਚਿਣੇ ਜਾਂਦੇ। ਇਨ੍ਹਾਂ ਭਾਂਡਿਆਂ ਉੱਪਰ ਭੰਨੀਆਂ-ਤੋੜੀਆਂ ਪਾਥੀਆਂ ਪਾਈਆਂ ਜਾਂਦੀਆਂ, ਪਰ ਕੁੱਜਿਆਂ ਉੱਤੇ ਚਾਰ ਕੁੱਜੇ ਹੋਰ ਮੂਧੇ ਕਰ ਕੇ ਰੱਖ ਦਿੱਤੇ ਜਾਂਦੇ। ਹਰ ਵਾਰ ਭਾਂਡਿਆਂ ਦਾ ਗੇੜ ਦਿੱਤਾ ਜਾਂਦਾ ਤੇ ਫਿਰ ਪਾਥੀਆਂ ਦੇ ਟੁਕੜੇ ਉੱਤੇ ਪਾਏ ਜਾਂਦੇ ਤੇ ਕੁੱਜਿਆਂ ਉੱਤੇ ਚਾਰ ਕੁੱਜੇ ਪੁੱਠੇ ਕਰ ਕੇ ਰੱਖੇ ਜਾਂਦੇ। ਪਹਿਲੇ ਗੇੜ ਵਿੱਚ ਵੱਡੇ ਭਾਂਡੇ ਰੱਖੇ ਜਾਂਦੇ ਜਿਵੇਂ ਘੜੇ, ਚਾਟੀਆਂ, ਤੌਲੇ ਤੇ ਕਾੜ•ਨੀਆਂ ਆਦਿ। ਉਸ ਤੋਂ ਬਾਅਦ ਘੜੋਲੀਆਂ, ਬੱਲਣੀਆਂ, ਤੌੜੀਆਂ-ਤੌੜੇ, ਝੱਕਰੇ-ਝੱਕਰੀਆਂ, ਕੰਡੀਰੇ, ਸੁਨਹਿਰੇ, ਅਤੇ ਦੁਧੌੜੀਆਂ ਦੇ ਮੋਰੀਆਂ ਵਾਲੇ ਕੰਡੀਰੇ ਦੀ ਸ਼ਕਲ ਦੇ ਢੱਕਣ ਆਦਿ ਰੱਖੇ ਜਾਂਦੇ। ਇਨ੍ਹਾਂ ਭਾਡਿਆਂ ਦੀ ਸ਼੍ਰੇਣੀ ਵਿੱਚ ਹੀ ਝੱਜਰਾਂ, ਸੁਰਾਹੀਆਂ, ਕਰੂਏ, ਕੁੱਜੇ, ਟਿੰਡਾਂ ਤੇ ਦੀਵਾਲੀ ਮੌਕੇ ਬਾਲੀ ਜਾਣ ਵਾਲੀ ਹੱਟੜੀ ਜਾਂ ਹੱਟ ਵੀ ਸ਼ਾਮਿਲ ਹੁੰਦੀ। ਸਭ ਤੋਂ ਬਾਅਦ ਵਿੱਚ ਛੋਟੇ ਭਾਂਡੇ ਪਾਏ ਜਾਂਦੇ ਜਿਵੇਂ ਦੀਵੇ, ਠੂਠੀਆਂ, ਕੁੱਜੀਆਂ, ਗੜ•ਬੜੇ, ਚੱਪਣ-ਚੱਪਣੀਆਂ ਅਤੇ ਝਾਵੇਂ ਆਦਿ। ਬੱਚਿਆਂ ਲਈ ਨਿੱਕੇ-ਨਿੱਕੇ ਬਾਵੇ, ਬਾਜੀਆਂ, ਘੁੱਗੂ ਤੇ ਕੋਈ ਪੰਛੀ ਵੀ ਬਣਾਏ ਜਾਂਦੇ। ਬੱਚਿਆਂ ਲਈ ਗੱਲੇ (ਗੋਲਕਾਂ) ਵੀ ਬਣਾਏ ਜਾਂਦੇ। ਇਹ ਵੀ ਛੋਟੇ ਭਾਂਡਿਆਂ ਨਾਲ ਆਵੇ 'ਚ ਪਾਏ ਜਾਂਦੇ।

ਆਵੇ ਵਿੱਚ ਛੋਟੇ-ਵੱਡੇ ਅੰਦਾਜ਼ਨ 80-90 ਭਾਂਡੇ ਪਾਏ ਜਾਂਦੇ। ਅਖ਼ੀਰ ਵਿੱਚ ਪਾਥੀਆਂ ਦੀ 'ਕਰੀਹ' ਭਾਂਡਿਆਂ 'ਤੇ ਪਾਈ ਜਾਂਦੀ। ਇਸ ਉੱਤੇ ਮੂੰਗਫ਼ਲੀ ਦਾ ਭੋਅ ਵੀ ਪਾ ਦਿੱਤਾ ਜਾਂਦਾ। ਕੁੱਜਿਆਂ ਵਾਲੀ ਥਾਂ ਅਸਲ ਵਿੱਚ ਮੋਘੇ ਦਾ ਕੰਮ ਕਰਦੀ। ਇਸੇ ਰਾਹੀਂ ਆਵੇ ਨੂੰ ਅੱਗ ਦਿੱਤੀ ਜਾਂਦੀ। ਚੁੱਲ੍ਹੇ ਵਿੱਚ ਗੋਹੇ-ਪਾਥੀਆਂ ਬਾਲ ਕੇ ਤਿਆਰ ਕੀਤੀ ਕੁੱਜਿਆਂ ਵਾਲੇ ਮੋਘੇ ਰਾਹੀਂ ਆਵੇ ਵਿੱਚ ਹੇਠਾਂ ਤਕ ਪਹੁੰਚਾਈ ਜਾਂਦੀ। ਕਿਸੇ ਡੰਡੇ-ਸੋਟੇ ਨਾਲ਼ ਇਸ ਅੱਗ ਨੂੰ ਥੱਲੇ ਤਕ ਧੱਕਿਆ ਜਾਂਦਾ। ਕੁੱਜਿਆਂ ਕਾਰਨ ਬਣੀਆਂ ਵਿਰਲਾਂ ਰਾਹੀਂ ਇਹ ਅੱਗ ਹੌਲੀ-ਹੌਲੀ ਧੁਖ਼ਦੀ ਹੋਈ ਸਾਰੇ ਆਵੇ ਵਿੱਚ ਫੈਲ ਜਾਂਦੀ। ਇਹ ਕੰਮ ਨਿਪਟਾ ਕੇ ਸਾਰੇ ਆਵੇ ਨੂੰ ਪੂਰੀ ਤਰ੍ਹਾਂ ਢਕ ਦਿੱਤਾ ਜਾਂਦਾ। ਇਸ ਉੱਤੇ ਕੂੜਾ-ਕਰਕਟ, ਰਹਿੰਦ-ਖੂੰਹਦ ਚੌਲਾਂ ਦੀ ਫੱਕ ਆਦਿ ਪਾ ਕੇ ਉੱਪਰ ਗਿੱਲਾ-ਸੁੱਕਾ ਗੋਹਾ ਪਾ ਦਿੱਤਾ ਜਾਂਦਾ। ਇਹ ਭਾਂਡੇ ਅੰਦਾਜ਼ਨ ਹਫ਼ਤੇ-ਦਸ ਦਿਨ ਵਿੱਚ ਤਿਆਰ ਹੋ ਜਾਂਦੇ। ਤਿੰਨ-ਚਾਰ ਦਿਨ ਭਾਂਡੇ ਆਵੇ ਵਿੱਚ ਪੱਕਦੇ ਰਹਿੰਦੇ ਤੇ ਪੰਜ-ਚਾਰ ਦਿਨਾਂ ਵਿੱਚ ਠੰਢੇ ਹੁੰਦੇ। ਆਵੇ ਵਾਲਾ ਸਾਰਾ ਬਾਲਣ ਜਲ ਜਾਂਦਾ ਤੇ ਭਾਂਡੇ ਦਿੱਸਣ ਲੱਗਦੇ। ਮਾਹਿਰ ਕਾਰੀਗਰ ਕੱਚੇ-ਪੱਕੇ ਭਾਂਡਿਆਂ ਦੀ ਪਛਾਣ ਕਰ ਕੇ ਥੋੜ੍ਹੇ-ਥੋੜ੍ਹੇ ਭਾਂਡੇ ਕੱਢਦਾ ਜਾਂਦਾ। ਜਿਹੜੇ ਭਾਂਡੇ ਪੂਰੀ ਤਰ੍ਹਾਂ ਨਾ ਪੱਕਦੇ ਉਨ੍ਹਾਂ ਨੂੰ 'ਪਿੱਲੇ' ਭਾਂਡੇ ਕਿਹਾ ਜਾਂਦਾ। ਇਹ ਭਾਂਡੇ ਕਾਲੇ ਹੋ ਜਾਂਦੇ ਅਤੇ ਬੇਕਾਰ ਜਾਂਦੇ।

ਕਈ ਵਾਰ ਇਨ੍ਹਾਂ ਮਿਹਨਤਕਸ਼ ਪਰਜਾਪਤਾਂ ਦੀ ਗ਼ਰੀਬ ਮਾਰ ਹੋ ਜਾਂਦੀ, ਜਦੋਂ ਕੁਦਰਤੀ ਕਰੋਪੀ ਨਾਲ ਆਵਾ ਖ਼ਰਾਬ ਹੋ ਜਾਂਦਾ। ਤੇਜ਼ ਮੀਂਹ-ਹਨੇਰੀ ਨਾਲ ਆਵੇ 'ਚ ਪੱਕਦੇ ਭਾਂਡੇ ਨੁਕਸਾਨੇ ਜਾਂਦੇ। ਜੇ ਕੁਝ ਸਮਾਂ ਲੰਘ ਜਾਂਦਾ ਤੇ ਅੱਗ ਮੱਠੀ ਪੈ ਜਾਂਦੀ ਉਸ ਹਾਲਤ ਵਿੱਚ ਤਾਂ ਆਵੇ ਨੂੰ ਕਿਸੇ ਟੀਨ ਆਦਿ ਨਾਲ ਢਕ ਦਿੱਤਾ ਜਾਂਦਾ ਸੀ, ਪਰ ਤੇਜ਼ ਅੱਗ ਨੂੰ ਢਕਣ ਦਾ ਕੋਈ ਜੁਗਾੜ ਨਹੀਂ ਸੀ ਹੁੰਦਾ। ਇਨ੍ਹਾਂ ਲੋਕਾਂ ਦੀ ਰੋਜ਼ੀ-ਰੋਟੀ ਵੀ ਕੁਦਰਤ ਦੇ ਰਹਿਮੋ-ਕਰਮ 'ਤੇ ਹੀ ਨਿਰਭਰ ਹੁੰਦੀ। ਇਹ ਲੋਕ ਆਪਣੇ ਸਾਰੇ ਪਰਿਵਾਰ ਦੀ ਮੁਸ਼ੱਕਤ ਨਾਲ ਬਣਾਏ ਇਨ੍ਹਾਂ ਭਾਂਡਿਆਂ ਦਾ ਕਦੇ ਤੋੜ ਕੇ ਮੁੱਲ-ਭਾਅ ਨਾ ਕਰਦੇ। ਜ਼ਿਮੀਦਾਰਾਂ ਵੱਲੋਂ ਇਨ੍ਹਾਂ ਨੂੰ ਛਿਮਾਹੀ ਪਿੱਛੋਂ ਦਾਣਾ-ਫੱਕਾ ਦਿੱਤਾ ਜਾਂਦਾ। ਦਿਵਾਲੀ, ਦੁਸਹਿਰੇ ਜਾਂ ਲੋਹੜੀ ਵਰਗੇ ਤਿਉਹਾਰਾਂ ਮੌਕੇ ਸਰਦਾ-ਬਣਦਾ ਅਨਾਜ ਦਿੱਤਾ ਜਾਂਦਾ। ਕਿਸੇ ਖ਼ੁਸ਼ੀ-ਗ਼ਮੀ ਦੇ ਮੌਕੇ ਇਨ੍ਹਾਂ ਪਰਿਵਾਰਾਂ ਦੀ ਆਰਥਿਕ ਮੱਦਦ ਕੀਤੀ ਜਾਂਦੀ ਤੇ ਆਪਣੇ ਘਰਾਂ ਵਿੱਚ ਵਿਆਹ-ਸ਼ਾਦੀ ਮੌਕੇ ਵੀ ਇਨ੍ਹਾਂ ਨੂੰ ਜ਼ਰੂਰ ਵਿੱਤ ਮੁਤਾਬਿਕ ਪੈਸਾ-ਧੇਲਾ, ਕੱਪੜਾ-ਲੀੜਾ ਜਾਂ ਕਣਕ-ਗੁੜ ਆਦਿ ਦਿੱਤਾ ਜਾਂਦਾ। ਕਣਕ ਦੀਆਂ ਵਾਢੀਆਂ ਦੇ ਦਿਨਾਂ ਵਿੱਚ ਇਹ ਖੇਤਾਂ ਵਿੱਚ ਘੜਾ ਅਤੇ ਟਿੰਡ ਦੇਣ ਜਾਂਦੇ। ਕਿਸਾਨ ਉਨ੍ਹਾਂ ਨੂੰ ਕਣਕ ਦਾ ਲਾਣ (ਭਰੀ) ਦਿੰਦੇ।

ਪਿਛਲੇ ਸਮੇਂ ਵਿੱਚ ਪਹਿਲਾਂ ਮਿੱਟੀ ਦੇ ਚੱਕ ਉੱਤੇ ਭਾਂਡੇ ਬਣਦੇ ਸਨ। ਫਿਰ ਸਰੀਏ ਤੇ ਸੀਮਿੰਟ ਵਾਲੇ ਚੱਕ ਬਣਨ ਲੱਗੇ ਜੋ ਬਿਜਲੀ ਦੀ ਮੋਟਰ ਨਾਲ ਚੱਲਦੇ। ਵਿਚਾਰਨ ਯੋਗ ਹੈ ਕਿ ਉਹ ਮਿਹਨਤੀ ਜਿਊੜੇ ਸਬਰ-ਸੰਤੋਖ ਵਾਲਾ ਜੀਵਨ ਜਿਉਂਦੇ ਸਨ। ਛੋਟੇ ਬੱਚਿਆਂ ਤੋਂ ਲੈ ਕੇ ਔਰਤਾਂ-ਮਰਦ ਅਤੇ ਬਜ਼ੁਰਗ ਵੀ ਮਿਹਨਤ ਕਰਦੇ ਸਨ। ਅੱਜ ਉਹ ਪਰਿਵਾਰ ਪੜ੍ਹ-ਲਿਖ ਕੇ ਉੱਚੇ ਅਹੁਦਿਆਂ 'ਤੇ ਵੀ ਜਾ ਪੁੱਜੇ ਹਨ। ਇਹ ਹੁਨਰਮੰਦ ਲੋਕ ਰੁਜ਼ਗਾਰ ਲਈ ਸ਼ਹਿਰਾਂ ਵਿੱਚ ਵੀ ਜਾ ਵਸੇ ਹਨ ਅਤੇ ਪਿੰਡਾਂ ਵਿੱਚੋਂ ਇਹ ਕਿੱਤਾ ਅਲੋਪ ਹੋ ਰਿਹਾ ਹੈ। ਕਿਸੇ ਵਿਰਲੇ ਟਾਵੇਂ ਪਿੰਡ ਵਿੱਚ ਹੀ ਅਜੋਕੇ ਸਮੇਂ ਮਿੱਟੀ ਦੇ ਭਾਂਡੇ ਬਣਦੇ ਹਨ। ਕੋਈ-ਕੋਈ ਬਜ਼ੁਰਗ ਅਜੇ ਵੀ ਆਪਣੇ ਇਸ ਪਿਤਾ ਪੁਰਖੀ ਕਿੱਤੇ ਨਾਲ ਜੁੜਿਆ ਹੋਇਆ ਹੈ ਅਤੇ ਉਹ ਆਪਣੇ ਇਸ ਕਿੱਤੇ 'ਤੇ ਮਾਣ ਕਰਦਾ ਹੈ।

ਇਹ ਮਿੱਟੀ ਦੇ ਭਾਂਡੇ ਜਨਮ ਤੋਂ ਮਰਨ ਤਕ ਮਨੁੱਖ ਦਾ ਸਾਥ ਦਿੰਦੇ ਸਨ। ਪਿੰਡਾਂ ਵਿੱਚ ਬੱਚੇ ਦੇ ਜਨਮ ਸਮੇਂ ਉਸ ਨੂੰ ਪਹਿਲੀ ਵਾਰ ਨਹਾਉਣ ਸਮੇਂ ਮਿੱਟੀ ਦਾ ਵੱਡਾ ਕੰਡੀਰਾ ਲਿਆਂਦਾ ਜਾਂਦਾ ਤੇ ਉਸ ਵਿੱਚ ਪਾਣੀ ਪਾ ਕੇ ਬੱਚੇ ਨੂੰ ਨੁਹਾਇਆ ਜਾਂਦਾ। ਕਿਸੇ ਪ੍ਰਾਣੀ ਦੀ ਅੰਤਿਮ ਯਾਤਰਾ ਮੌਕੇ ਵੀ ਬਹੁਤ ਸਾਰੇ ਲੋਕ ਪਾਣੀ ਵਾਲਾ ਘੜਾ ਭੰਨਦੇ ਹਨ। ਜ਼ਿਕਰਯੋਗ ਹੈ ਕਿ ਮਹੀਂਵਾਲ ਦੀ ਸੋਹਣੀ ਵੀ ਇਨ੍ਹਾਂ ਭਾਂਡਿਆਂ ਕਾਰਨ ਹੀ ਮੁਹੱਬਤ ਦੇ ਇਤਿਹਾਸ ਵਿੱਚ ਆਪਣਾ ਨਾਂ ਦਰਜ ਕਰਵਾ ਗਈ। ਕੱਚੇ-ਪੱਕੇ ਭਾਂਡੇ ਵੀ ਅਮਰ ਹੋ ਗਏ। ਪੰਜਾਬੀ ਗੀਤਾਂ ਵਿੱਚ ਘੜਾ ਸਦਾ ਡੁੱਬਦਾ, ਤਰਦਾ ਤੇ ਖੁਰਦਾ ਰਹਿੰਦਾ ਹੈ। ਪ੍ਰਸਿੱਧ ਗੀਤ ਹੈ:

**ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ**
**ਸਾਨੂੰ ਵੀ ਲੈ ਚੱਲ ਪਾਰ ਘੜਿਆ**
**ਮੇਰਾ ਮੇਲ ਦੇਵੀਂ ਦਿਲਦਾਰ ਘੜਿਆ...**

ਜ਼ਿੰਦਗੀ ਨੂੰ ਮਿੱਟੀ ਦੇ ਬਣੇ ਭਾਂਡਿਆਂ ਦੀ ਤਸ਼ਬੀਹ ਦਿੰਦਿਆਂ ਸੁਰਜੀਤ ਬਿੰਦਰੱਖੀਏ ਦੇ ਗਾਏ ਗੀਤ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਬੜੇ ਉਦਾਸ ਬੋਲ ਹਨ:

**ਮੈਂ ਤਿੜਕੇ ਘੜੇ ਦਾ ਪਾਣੀ, ਮੈਂ ਕੱਲ੍ਹ ਤਕ ਨਹੀਂ ਰਹਿਣਾ।**

- ਪਰਮਜੀਤ ਕੌਰ ਸਰਹਿੰਦ
#209, ਪ੍ਰੀਤ ਨਗਰ, ਬਸੀ ਰੋਡ ਸਰਹਿੰਦ
ਜਿਲ੍ਹਾ ਫਤਹਿਗੜ੍ਹ ਸਾਹਿਬ -140 406 (ਪੰਜਾਬ)
98728-98599



Scanned with CamScanner




# ਫੁੱਲਾਂ ਵਾਂਗ ਮੁਸਕਰਾਉਣ ਦਾ ਨਾਮ ਹੈ ਜ਼ਿੰਦਗੀ



ਸਦਾ ਖੁਸ਼ ਰਹਿਣਾ, ਮੁਸਕ੍ਰਾਉਣਾ ਵੀ ਇਕ ਕਲਾ ਹੈ। ਗੁਲਾਬ ਵਾਂਗੂ ਖਿੜੇ ਰਹਿਣ ਨਾਲ ਸਿਆਣੇ ਕਹਿੰਦੇ ਨੇ ਕਿ ਕੋਈ ਦੁੱਖ ਨੇੜ ਨਹੀਂ ਆਉਂਦਾ ਤੇ ਹੁਣ ਤਾਂ ਇਸ ਦੀ ਹਾਮੀ ਡਾਕਟਰ ਵੀ ਭਰਦੇ ਹਨ। ਇਹ ਵੀ ਇਕ ਅਟੱਲ ਸੱਚਾਈ ਹੈ ਕਿ ਅਜੋਕੀ ਭੱਜ ਦੌੜ ਤੇ ਰੁਝੇਵਿਆਂ ਭਰੀ ਜ਼ਿੰਦਗੀ ਤੇ ਮਾਇਆ ਦੇ ਮਗਰ ਲੱਗੀ ਲੁਕਾਈ ਨੂੰ ਖੁਸ਼ ਰਹਿਣਾ ਭਾਵੇਂ ਕਾਫੀ ਔਖਾ ਹੈ, ਪਰ ਆਮ ਕਹਾਵਤ ਹੈ ਕਿ ਜੇਕਰ ਤੁਹਾਡਾ ਆਪਣਾ ਸੁਭਾਅ ਖੁਸ਼ ਭਾਵ ਤਨਾਅ ਰਹਿਤ ਹੋਵੇਗਾ ਤਾਂ ਹੀ ਤੁਹਾਨੂੰ ਦੂਸਰਾ (ਸਾਹਮਣੇ ਵਾਲਾ) ਖੁਸ਼ ਤਬੀਅਤ ਭਾਵ ਹਸਮੁਖ ਲੱਗੇਗਾ। ਅਜੋਕੇ ਦੌਰ ਵਿੱਚ ਖੁਸ਼ ਰਹਿਣ ਭਾਵ ਮੁਸਕ੍ਰਾਉਣ ਦੀ ਅਹਿਮੀਅਤ ਹੋਰ ਵੀ ਵੱਧ ਗਈ ਹੈ ਕਿਉਂਕਿ ਦੁਨੀਆਂ ਵਿੱਚ ਐਸਾ ਕੋਈ ਵਿਰਲਾ ਹੀ ਘਰ ਹੋਵੇਗਾ, ਜਿੱਥੇ ਕਿਸੇ ਨਾ ਕਿਸੇ ਬੀਮਾਰੀ ਨੇ ਡੇਰਾ ਨਾ ਲਾਇਆ ਹੋਵੇ। ਮਨੁੱਖੀ ਸਰੀਰਾਂ ਵਿੱਚ ਬੀਮਾਰੀਆਂ ਦੀ ਬਹੁਤਾਂਤ ਵਿੱਚੋਂ ਅਜੋਕੇ ਜ਼ਮਾਨੇ ਵਿੱਚ ਜੋ ਹਰ ਇਕ ਇਨਸਾਨ ਨੂੰ ਨਿਵੇਕਲੀ ਬੀਮਾਰੀ ਚਿੰਬੜੀ ਹੋਈ ਹੈ ਉਸ ਦਾ ਨਾਮ ਹੈ "ਤਨਾਅ"। ਇਸ ਨਾ-ਮੁਰਾਦ ਬੀਮਾਰੀ ਤੋਂ ਕੋਈ ਮਾਈ ਦਾ ਲਾਲ ਹੀ ਹੋਵੇਗਾ ਜੋ ਰਹਿਤ ਹੋਵੇਗਾ। ਸੰਤ ਮਹਾਂਪੁਰਸ਼ ਜਾਂ ਵਿਗਿਆਨੀ ਵੀ ਇਹੀ ਰਾਇ ਦਿੰਦੇ ਹਨ ਕਿ ਸਦਾ ਖੁਸ਼ ਰਹੋ, ਦੁਨੀਆਂ ਦੇ ਝਮੇਲਿਆਂ ਦਾ ਖਹਿੜਾ ਛੱਡੋ, ਪਰ ਇਸ ਤੇ ਅਮਲ ਕਰਨਾ ਐਰੇ ਗੈਰੇ ਨੱਥੂ ਖੈਰੇ ਦਾ ਕੰਮ ਨਹੀਂ। ਕਹਿਣਾ ਸੌਖਾ ਹੈ, ਪਰ ਕਰਨਾ ਔਖਾ ਜਾਪਦਾ ਹੈ। ਸੰਤ ਮਹਾਤਮਾ ਉਦਹਾਰਨ ਦਿੰਦਿਆਂ ਕਹਿੰਦੇ ਹਨ ਕਿ ਜੇਕਰ ਰਾਵਣ ਅਤੇ ਸਿਕੰਦਰ ਵਰਗੇ ਇੱਥੋਂ ਖਾਲੀ ਹੱਥ ਚਲੇ ਗਏ ਹਨ ਤੇ ਦੁਨਿਆਵੀਂ ਕੋਈ ਪਦਾਰਥ ਨਾਲ ਨਹੀਂ ਲਿਜਾ ਸਕੇ ਤਾਂ ਆਪਾਂ ਕਿਸ ਬਾਗ ਦੀ ਮੂਲੀ ਹਾਂ, ਪਰ ਤਨਾਅ ਰਹਿਤ ਤੇ ਫੁੱਲਾਂ ਵਾਂਗ ਮੁਸਕ੍ਰਾਉਣਾ ਤਾਂ ਆਪਣੇ ਹੀ ਵੱਸ ਵਿੱਚ ਹੈ, ਇਸ ਤੇ ਤਾਂ ਕੋਈ ਪੈਸਾ ਪਾਈ ਨਹੀਂ ਲੱਗਦਾ, ਇਸ ਨੂੰ ਤਾਂ ਕਿਤੋ ਖ੍ਰੀਦ ਕੇ ਨਹੀਂ ਲਿਆਉਣਾ। ਇਹ ਗੱਲ ਬਿਲਕੁਲ ਹਕੀਕਤ ਹੈ ਕਿ ਜਿੰਦਗੀ ਦੁੱਖਾਂ ਤੇ ਸੁੱਖਾਂ ਦਾ ਮਿਸ਼ਰਨ ਸੰਗਮ ਹੈ। ਦੁੱਖ ਸੁੱਖ ਜ਼ਿੰਦਗੀ ਦੇ ਦੋ ਪਹੀਏ ਹਨ। ਜਿਸ ਨਾਲ ਜੀਵਨ ਰੂਪੀ ਗੱਡੀ ਚਲਦੀ ਹੈ। ਜਿਉਂ ਜਿਉਂ ਮਨੁੱਖ ਸੁੱਖਾਂ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦਾ ਹੈ ਤੇ ਸੁੱਖ ਉਸ ਤੋਂ ਦੂਰ-ਦੂਰ ਭੱਜਦੇ ਹਨ ਭਾਵ ਕੋਈ ਜ਼ਿੰਦਗੀ ਵਿੱਚ ਐਸੇ ਝਮੇਲੇ ਮਨੁੱਖ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੇ ਹਨ ਕਿ ਉਹ ਖੁਸ਼ ਰਹਿਣਾ ਚਾਹੁੰਦਾ ਹੋਇਆ ਵੀ ਫਿਰ ਦੁੱਖਾਂ ਦੀ ਗ੍ਰਿਫਤ ਵਿੱਚ ਆ ਜਾਂਦਾ ਹੈ। ਆਮ ਕਹਾਵਤ ਵੀ ਹੈ ਕਿ ਜਿਸ ਨੇ ਧੁੱਪ ਨਹੀਂ ਵੇਖੀ ਉਸ ਨੂੰ ਛਾਂ ਦੇ ਸਵਾਦ ਦਾ ਕੀ ਪਤੈ। ਭਾਵ ਅਰਥ ਸਪੱਸ਼ਟ ਹੈ ਜੋ ਇਨਸਾਨ ਸਦਾ ਹੀ ਛਾਂ ਵਿੱਚ ਰਹਿੰਦੇ ਹਨ ਉਸ ਨੂੰ ਉਸ ਦੇ ਸਵਾਦ ਦਾ ਕੀ ਪਤੈ, ਪਤਾ ਤਾਂ ਹੀ ਲੱਗੇਗਾ ਜੇਕਰ ਧੁੱਪ ਦੇ ਵਿੱਚੋਂ ਛਾਂ ਦੇ ਵਿੱਚ ਆਵੇਗਾ। ਇਸੇ ਤਰ੍ਹਾਂ ਜ਼ਿੰਦਗੀ ਰੂਪੀ ਇਨਸਾਨੀ ਜਾਮੇ ਵਿੱਚ ਹਰ ਮਨੁੱਖ ਦੁੱਖਾਂ ਵਿੱਚ ਗ੍ਰਸਤ ਹੈ ਅਤੇ ਖੁਸ਼ੀ ਲੱਭਦਾ ਫ਼ਿਰਦਾ ਹੈ ਜੋ ਕਿ ਅੰਦਰੋਂ ਹੀ ਤਨਾਅ ਰਹਿਤ ਹੋ ਕਾ ਪਾਈ ਜਾ ਸਕਦੀ ਹੈ। ਭਾਵੇਂ ਇਨਸਾਨ ਜਿੰਨਾ ਵੀ ਮਰਜ਼ੀ ਅਮੀਰ ਲੱਖਪਤੀ ਜਾਂ ਕਰੋੜਪਤੀ ਹੋ ਜਾਵੇ, ਜੇਕਰ ਉਸ ਦੇ ਮਨ ਵਿੱਚ ਸਬਰ ਸੰਤੋਖ ਸੰਤੁਸ਼ਟੀ ਭਾਵ ਮਨ ਹੀ ਖੁਸ਼ ਨਹੀਂ ਹੈ ਤਾਂ ਹੀਰੇ ਮੋਤੀ ਜਵਾਹਰਾਤ ਤੁਹਾਡੇ ਕਿਸੇ ਵੀ ਕੰਮ ਨਹੀਂ। ਆਵਦੇ ਮਨ ਦੀ ਖੁਸ਼ੀ ਦੂਜਿਆਂ ਨਾਲ ਸਾਂਝੀ ਕਰੀਏ ਤਾਂ ਕਿ ਉਹ ਵੀ ਖੁਸ਼ੀ ਦਾ ਅਨੰਦ ਮਾਣ ਸਕਣ। ਜੇਕਰ ਕਿਸੇ ਨਾਲ ਖੁਸ਼ੀ ਸਾਂਝੀ ਕਰਾਂਗੇ ਤਾਂ ਖੁਸ਼ੀ ਦੁੱਗਣੀ ਹੋਵੇਗੀ, ਜੇਕਰ ਕਿਸੇ ਦੇ ਦੁੱਖ ਵਿੱਚ ਸ਼ਰੀਕ ਭਾਵ ਦੁੱਖ ਸਾਂਝਾ ਕਰਾਂਗੇ ਤਾਂ ਉਹ ਘਟੇਗਾ। ਦੁੱਖ ਸੁੱਖ ਦਾ ਸੰਤੁਲਨ ਬਣਾਉਣ ਨਾਲ ਹੀ ਜਿੰਦਗੀ ਦਾ ਲੁਤਫ਼ ਲਿਆ ਜਾ ਸਕਦਾ ਹੈ। ਅੱਜਕੱਲ ਹਰ ਇਨਸਾਨ ਹੀ ਗੁਰਬਤ ਭਰਿਆ ਜੀਵਨ ਬਤੀਤ ਕਰ ਰਿਹਾ ਹੈ। ਅਜੋਕੇ ਜ਼ਮਾਨੇ ਵਿੱਚ ਕਿਸੇ ਨੂੰ ਖੁਸ਼ ਰੱਖਣਾ ਅਤੇ ਆਪਣੇ ਆਪ ਨੂੰ ਤਨਾਅ ਰਹਿਤ ਰੱਖਣਾ ਵੀ ਇਕ ਕਲਾ ਹੈ। ਇਸੇ ਕਲਾ ਨੂੰ ਅਪਣਾ ਕੇ ਹੀ ਜ਼ਿੰਦਗੀ ਦਾ ਲੁਤਫ ਲਿਆ ਜਾ ਸਕਦਾ ਹੈ। ਵੇਖੋ ਜ਼ਿੰਦਗੀ ਸਭ ਨੂੰ ਮਿਲੀ ਹੈ ਆਪੋ ਆਪਣੇ ਹਿੱਸੇ ਦੇ ਸਵਾਸ ਪੂਰੇ ਕਰਕੇ ਹਰ ਇਨਸਾਨ ਨੇ ਆਪੋ ਆਪਣੀ ਅਕਾਲ ਪੁਰਖ ਵੱਲੋਂ ਲੱਗੀ ਡਿਊਟੀ ਨਿਭਾ ਕੇ ਫ਼ਿਰ ਉਸਦੇ ਚਰਨ ਕਮਲਾਂ ਵਿੱਚ ਚਲੇ ਜਾਣਾ ਹੈ। ਫਿਰ ਕਿਉਂ ਨਾ ਇਸ ਜ਼ਿੰਦਗੀ ਦਾ ਮਜਾ ਖੁਸ਼ੀ ਖੁਸ਼ੀ ਲਈਏ ਅਤੇ ਦੂਜਿਆਂ ਨੂੰ ਵੀ ਤਨਾਅ ਤੋਂ ਰਹਿਤ ਕਰਨ ਦੀ ਕੋਸ਼ਿਸ਼ ਕਰੀਏ। ਸਦੀਵੀਂ ਖੁਸ਼ੀ ਪਾਉਣ ਲਈ ਮਨ ਸ਼ੀਸ਼ੇ ਵਾਂਗ ਸਾਫ਼ ਹੋਣਾ ਚਾਹੀਦਾ ਹੈ ਤਾਂ ਹੀ ਆਪਾਂ ਆਪਣੇ ਆਲੇ ਦੁਆਲੇ ਭਾਵ ਆਪਣੇ ਦੋਸਤਾਂ ਮਿੱਤਰਾਂ ਨੇੜੇ ਦੇ ਸਕੇ ਸਬੰਧੀਆਂ ਨੂੰ ਇਹ ਸੁਖ ਦੇਣ ਦੇ ਸਮਰੱਥ ਹੋ ਸਕਾਂਗੇ। ਜੇਕਰ ਪਹਿਲਾਂ ਆਪਾਂ ਆਪ ਇਸ ਤੇ ਗੌਰ ਕਰੀਏ। ਫੁੱਲਾਂ ਵਾਂਗ ਮਹਿਕ ਖਿੰਡਾਓ ਤਾਂ ਕਿ ਤੁਹਾਨੂੰ ਆਪ ਨੂੰ ਵੀ ਅਤੇ ਤੁਹਾਡੇ ਸਾਥੀਆਂ ਨੂੰ ਵੀ ਮਹਿਕਾਂ ਭਰੀ ਜ਼ਿੰਦਗੀ ਦਾ ਲੁਤਫ਼ ਮਿਲ ਸਕੇ ਅਤੇ ਤਨਾਅ ਰਹਿਤ ਜ਼ਿੰਦਗੀ ਮਾਣ ਸਕੋਂ।

ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ, ਮੋਬਾ : 94176-22046

# ਧੀ ਨੂੰ ਅਚਾਨਕ ਝਿੜਕਣਾ ਨਾ ਸ਼ੁਰੂ ਕਰੋ, ਉਸਨੂੰ ਪਿਆਰ ਨਾਲ ਸਮਝਾਉ

ਬੇਸ਼ੱਕ ਹਰ ਪਿਤਾ ਆਪਣੀ ਧੀ ਨੂੰ ਬਹੁਤ ਪਿਆਰ ਕਰਦਾ ਹੈ ਪਰ ਕਈ ਵਾਰ ਸਮਾਜ ਅਤੇ ਪਰਿਵਾਰ ਦੇ ਦਬਾਅ ਹੇਠ ਧੀ ਨੂੰ ਫ਼ੋਨ ਚਲਾਉਣ ਤੋਂ ਰੋਕ ਦਿੰਦਾ ਹੈ, ਪੈਂਟ ਟੌਪ ਪਾਉਣ ਤੋਂ ਰੋਕ ਦਿੰਦਾ ਹੈ, ਕਾਰ ਬਾਈਕ ਤੇ ਜਾਣ ਤੋਂ ਰੋਕ ਦਿੰਦਾ ਹੈ ਤੇ ਘਰ ਦੇ ਕੰਮ ਕਰਨ ਦੀ ਸਲਾਹ ਦੇਣ ਲੱਗ ਪੈਂਦਾ ਹੈ ਜਾਂ ਘਰੋਂ ਬਾਹਰ ਜਾਣ ਤੇ ਪਾਬੰਦੀ ਲਾ ਦਿੰਦਾ ਹੈ।

ਸਭ ਧੀਆਂ ਨੂੰ ਅਪਣਾ ਬਾਪ ਜ਼ਿਆਦਾ ਹੀ ਪਸੰਦ ਹੁੰਦਾ ਹੈ। ਕਿਉਂਕਿ ਧੀਆਂ ਦੀ ਕੁਦਰਤੀ ਅਟੈਚਮੈਂਟ ਬਾਪ ਨਾਲ ਵੱਧ ਹੁੰਦੀ ਹੈ। ਕਿਉਂਕਿ ਹਰ ਬਾਪ ਅਪਣੀ ਨਿੱਕੀ ਹੁੰਦੀ ਧੀ ਨੂੰ ਸੋਨਪਰੀ ਜਾਂ ਪਾਪਾ ਦੀ ਪਰੀ ਕਹਿੰਦਾ ਹੁੰਦਾ ਹੈ ਤੇ ਕਿਸੇ ਨੂੰ ਝਿੜਕਣ ਨਹੀਂ ਦਿੰਦਾ। ਪਰ ਜੇ ਕਿਸੇ ਕਾਰਨ ਬਾਪ ਧੀ ਨੂੰ ਝਿੜਕਣ ਲੱਗ ਪਵੇ ਤਾਂ ਉਹ ਬਹੁਤ ਜ਼ਿਆਦਾ ਦੁਖੀ ਤੇ ਉਦਾਸ ਹੁੰਦੀ ਹੈ।

ਅਸਲ ਵਿੱਚ ਸਾਰੇ ਬਾਪ ਧੀਆਂ ਦੀ ਛੋਟੇ ਹੁੰਦਿਆਂ ਤੋਂ ਹੀ ਸਪੋਰਟ ਕਰਨ ਦੇ ਆਦੀ ਹੁੰਦੇ ਹਨ ਤੇ ਧੀਆਂ ਨੇ ਵੀ ਬਾਪ ਦਾ ਪਿਆਰ ਭਰਿਆ ਚਿਹਰਾ ਹੀ ਦੇਖਿਆ ਹੁੰਦਾ ਹੈ। ਲੇਕਿਨ ਬਾਪ ਦਾ ਰੁੱਖਾ ਵਤੀਰਾ ਉਨ੍ਹਾਂ ਤੋਂ ਬਰਦਾਸ਼ਤ ਨਹੀਂ ਹੁੰਦਾ। ਉਹਦਾ ਮਾਨਸਿਕ ਵਿਕਾਸ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਤਣਾਉ ਕਾਰਨ ਉਸਦੀ ਭੁੱਖ ਘਟ ਜਾਂਦੀ ਹੈ, ਨੀਂਦ ਘਟ ਜਾਂਦੀ ਹੈ, ਹਾਰਮੋਨ ਇੰਬੈਲੰਸ ਹੋ ਜਾਂਦੇ ਹਨ।

ਇਸ ਲਈ ਅਪਣੀ ਧੀ ਨੂੰ ਅਚਾਨਕ ਝਿੜਕਣਾ ਨਾ ਸ਼ੁਰੂ ਕਰੋ। ਜਾਂ ਤਾਂ ਛੋਟੇ ਹੁੰਦਿਆਂ ਤੋਂ ਹੀ ਬੱਚਿਆਂ ਨੂੰ ਝਿੜਕ ਸਹਿਣ ਦੇ ਆਦੀ ਕਰ ਲਵੋ ਜਾਂ ਜੇ ਅਚਾਨਕ ਬੱਚੇ ਤੋਂ ਕੋਈ ਗ਼ਲਤੀ ਹੋ ਵੀ ਜਾਏ ਤਾਂ ਉਸਨੂੰ ਜ਼ਿਆਦਾ ਹੀ ਮਾਨਸਿਕ ਤਣਾਓ 'ਚ ਨਾ ਰਹਿਣ ਦਿਉ। ਉਸਨੂੰ ਪਿਆਰ ਨਾਲ ਸਮਝਾਉ ਤੇ ਗ਼ਲਤੀ ਦਾ ਅਹਿਸਾਸ ਕਰਵਾਉ ਤਾਂ ਕਿ ਉਹ ਅੱਗੇ ਤੋਂ ਗ਼ਲਤੀ ਨਾ ਕਰੇ। ਹਮੇਸ਼ਾ ਯਾਦ ਰੱਖੋ ਕਿ ਜੇ ਬੱਚੇ ਗ਼ਲਤੀ ਕਰਦੇ ਹਨ ਤਾਂ ਮਾਂ ਬਾਪ ਦੀ ਅਣਗਹਿਲੀ ਕਾਰਨ ਹੀ ਗ਼ਲਤੀ ਕਰਦੇ ਹਨ।

ਬੱਚਿਆਂ ਨੂੰ ਉਮਰ ਮੁਤਾਬਕ ਹਰ ਚੀਜ਼ ਦੀ ਟ੍ਰੇਨਿੰਗ ਦਿਉ। ਉਨ੍ਹਾਂ ਨੂੰ ਜ਼ਮਾਨੇ 'ਚ ਘਟਦੀਆਂ ਘਟਨਾਵਾਂ ਤੋਂ ਜਾਣੂੰ ਕਰਵਾਉ। ਉਨ੍ਹਾਂ ਨੂੰ ਚੰਗੇ ਮੰਦੇ ਦੀ ਪਹਿਚਾਣ ਸਿਖਾਉ। ਬੱਚਿਆਂ ਨਾਲ ਹਰ ਵਿਸ਼ੇ ਤੇ ਖੁੱਲ੍ਹ ਕੇ ਗੱਲ ਕਰਿਆ ਕਰੋ। ਬੱਚਿਆਂ ਨੂੰ ਨਿੱਕੇ ਹੁੰਦਿਆਂ ਤੋਂ ਹੀ ਬਿਜ਼ੀ ਰੱਖੋ। ਬੱਚਿਆਂ ਦੇ ਦੋਸਤ ਬਣਕੇ ਰਹੋ।

ਧੀਆਂ ਨਾਲ ਤਾਂ ਕਦੇ ਵੀ ਸਖ਼ਤੀ ਨਾ ਕਰੋ। ਇਨ੍ਹਾਂ ਨੂੰ ਖ਼ੂਬ ਪੜ੍ਹਾਉ ਲਿਖਾਉ। ਇਨ੍ਹਾਂ ਦੀ ਸਿਹਤ ਦਾ ਵੀ ਜ਼ਿਆਦਾ ਧਿਆਨ ਰੱਖੋ ਤੇ ਇਨ੍ਹਾਂ ਦੇ ਸੁਭਾਅ ਵੀ ਵਿਗੜਨ ਨਾ ਦਿਉ।

- ਡਾ. ਕਰਮਜੀਤ ਕੌਰ, ਡਾ ਬਲਰਾਜ ਬੈਂਸ
ਮੋ. 094630-38229

ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ ਹੋਵਨ ਜੀ !

SADAMOGA.COM
ਸਾਡਾ ਮੋਗਾ ਡੌਟ ਕੌਮ

ਤਾਜ਼ੀਆਂ ਖ਼ਬਰਾਂ ਲਈ ਆਪਣੇ ਐਂਡਰਾਇਡ ਫੋਨ ਦੇ ਪਲੇਅ ਸਟੋਰ ਤੋਂ ਪੰਜਾਬੀਆਂ ਦਾ ਆਪਣਾ ਐਪ
Sada Moga
ਇੰਸਟਾਲ ਕਰੋ ਜੀ



M. 98146-34164

# ਘਰ ਦੀ ਰਸੋਈ

ਪੇਸ਼ਕਸ਼:
ਭਾਗਵੰਤੀ ਪੁਰਬਾ



## ਔਲੇ ਦਾ ਮੁਰੱਬਾ

**ਸਮੱਗਰੀ :**

250 ਗ੍ਰਾਮ ਔਲਾ, 250 ਗ੍ਰਾਮ ਚੀਨੀ, ਚੁਟਕੀ ਜਿੰਨੀ ਫਟਕੜੀ ਪਿਸੀ ਹੋਈ, ਅੱਠ-ਦਸ ਧਾਗੇ ਕੇਸਰ।

**ਵਿਧੀ :**

ਔਲੇ ਧੋ ਕੇ ਸਲਾਈ ਜਾਂ ਚਾਕੂ ਨਾਲ ਚਾਰੋਂ ਪਾਸਿਓਂ ਗੁੱਦਾ ਕੱਢ ਲਓ। ਫਟਕੜੀ ਨੂੰ ਪਾਣੀ 'ਚ ਘੋਲ ਲਓ। ਇਸ 'ਚ ਔਲੇ 30-40 ਮਿੰਟ ਲਈ ਪਾ ਕੇ ਰੱਖੋ। ਫਟਕੜੀ ਦੇ ਪਾਣੀ 'ਚੋਂ ਔਲੇ ਕੱਢ ਕੇ ਸਾਦੇ ਪਾਣੀ ਵਿਚ ਪਾ ਕੇ ਸਟੀਮ ਕਰ ਲਓ। ਚੀਨੀ ਦੀ ਦੋ ਤਾਰ ਦੀ ਚਾਸ਼ਨੀ ਬਣਾ ਲਓ। ਔਲਾ ਤੇ ਕੇਸਰ ਪਾ ਕੇ ਪਕਾਓ। ਜਦ ਚਾਸ਼ਣੀ ਗਾੜੀ ਹੋ ਜਾਏ ਤਾਂ ਹੇਠਾਂ ਉਤਾਰ ਲਓ। ਠੰਢਾ ਕਰਕੇ ਜਾਰ 'ਚ ਰੱਖੋ। ਥਕਾਵਟ ਦੂਰ ਕਰਨ ਵਾਲਾ ਤੇ ਦਿਮਾਗ ਨੂੰ ਤੇਜ਼ ਕਰਨ ਵਾਲਾ ਮੁਰੱਬਾ ਤਿਆਰ ਹੈ।







## ਗਾਜਰ ਦਾ ਮੁਰੱਬਾ



**ਸਮੱਗਰੀ :**

500 ਗ੍ਰਾਮ ਗਾਜਰ, 400 ਗ੍ਰਾਮ ਚੀਨੀ, 1/2 ਛੋਟਾ ਚਮਚ ਇਲਾਇਚੀ ਦੇ ਦਾਣੇ, 8-10 ਧਾਗੇ ਕੇਸਰ, 1 ਨਿੰਬੂ ਦਾ ਰਸ।

**ਵਿਧੀ :**

ਲਾਲ ਗਾਜਰਾਂ ਨੂੰ ਛਿਲ ਕੇ ਧੋ ਲਓ। ਇਨਾਂ ਦੇ 2-3 ਲੰਬੇ ਗੋਲ ਟੁਕੜੇ ਕੱਟ ਲਓ। ਇਕ ਪਤੀਲੇ 'ਚ ਪਾਣੀ ਗਰਮ ਕਰੋ। ਇਸ 'ਚ ਗਾਜਰ ਦੇ ਟੁਕੜੇ ਪਾ ਕੇ 1 ਮਿੰਟ ਲਈ ਢੱਕ ਦਿਓ। ਛਾਣਨੀ ਨਾਲ ਛਾਣ ਕੇ ਪਾਣੀ ਅਲੱਗ ਕਰੋ। ਚੀਨੀ ਦੀ 1 ਤਾਰ ਦੀ ਚਾਸ਼ਣੀ ਤਿਆਰ ਕਰ ਲਓ। ਗਾਜਰ ਚਾਸ਼ਣੀ 'ਚ ਪਾ ਕੇ, ਦੋ ਮਿੰਟ ਪਕਾ ਲਓ। ਜਦ ਚਾਸ਼ਣੀ 2 ਤਾਰ ਦੀ ਹੋ ਜਾਵੇ ਤੇ ਗਾਜਰ ਪੱਕ ਜਾਵੇ ਤਾਂ ਹੇਠ ਦਾਣੇ ਉਤਾਰ ਲਓ। ਕੇਸਰ ਤੇ ਇਲਾਇਚੀ ਦੇ ਦਾਣੇ, ਨਿੰਬੂ ਦਾ ਰਸ ਮਿਲਾ ਦਿਉ। ਪੌਸ਼ਟਿਕ ਤੇ ਲਜੀਜ਼ ਮੁਰੱਬਾ ਤਿਆਰ ਹੈ।

Scanned with CamScanner

# ਕੁਦਰਤ ਦਾ ਅਨਮੋਲ ਤੋਹਫ਼ਾ- ਮੇਥੀ

ਡਾ. ਹਰਪ੍ਰੀਤ ਭੰਡਾਰੀ

ਭੋਜਨ ਦਾ ਸਵਾਦ ਅਤੇ ਖ਼ੁਸ਼ਬੋ ਵਧਾਉਣ ਲਈ ਮੇਥੀ ਦੀ ਵਰਤੋਂ ਹਰ ਘਰ ਵਿੱਚ ਕੀਤੀ ਜਾਂਦੀ ਹੈ। ਮੇਥੀ ਦੀ ਵਰਤੋਂ ਸਬਜ਼ੀ ਅਤੇ ਇਸ ਦੇ ਦਾਣਿਆਂ ਦੀ ਵਰਤੋਂ ਮਸਾਲੇ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਲਗਪਗ ਹਰੇਕ ਇਲਾਕੇ ਵਿੱਚ ਮੇਥੀ ਦੀ ਖੇਤੀ ਕੀਤੀ ਜਾਂਦੀ ਹੈ। ਇਸ ਦਾ ਪੌਦਾ ਇੱਕ ਤੋਂ ਦੋ ਫੁੱਟ ਲੰਬਾ ਹੁੰਦਾ ਹੈ ਜਿਸ 'ਤੇ ਜਨਵਰੀ ਤੋਂ ਮਾਰਚ ਮਹੀਨੇ ਤਕ ਫੁੱਲ ਲੱਗਦੇ ਹਨ। ਵਿਗਿਆਨੀਆਂ ਅਨੁਸਾਰ ਮੇਥੀ ਦੇ ਪੱਤਿਆਂ ਵਿੱਚ 9.8 ਫ਼ੀਸਦੀ ਕਾਰਬੋਹਾਈਡਰੇਟਸ, 4.9 ਫ਼ੀਸਦੀ ਪ੍ਰੋਟੀਨ, 81.8 ਫ਼ੀਸਦੀ ਪਾਣੀ, 1.6 ਫ਼ੀਸਦੀ ਖਣਿਜ ਪਦਾਰਥ, 1.0 ਫ਼ੀਸਦੀ ਫਾਇਬਰ (ਰੇਸ਼ੇ), 0.9 ਫ਼ੀਸਦੀ ਫੈਟ ਅਤੇ ਲੋਹਾ 16.19 ਮਿਲੀਗ੍ਰਾਮ ਪ੍ਰਤੀ ਸੌ ਗ੍ਰਾਮ ਵਿੱਚ ਪਾਇਆ ਜਾਂਦਾ ਹੈ। ਮੇਥੀ ਦੇ ਦਾਣਿਆਂ ਵਿੱਚ 25 ਫ਼ੀਸਦੀ ਫਾਸਫੋਰਿਕ ਐਸਿਡ, ਗੂੰਦ, ਲੇਸੀਥਿਨ, ਪ੍ਰੋਟੀਨ, ਕੋਲਾਇਨ ਅਤੇ ਟ੍ਰਾਇਗੋਨੇਲਿਨ ਐਲਕੋਹਾਲਇਡਸ ਪਾਏ ਜਾਂਦੇ ਹਨ। ਮੇਥੀ ਦੇ ਸੁੱਕੇ ਪੱਤਿਆਂ ਵਿੱਚ ਪ੍ਰੋਟੀਨ ਦੀ ਮਾਤਰਾ ਲਗਪਗ 16 ਫ਼ੀਸਦੀ ਹੁੰਦੀ ਹੈ। ਇਸ ਤੋਂ ਇਲਾਵਾ ਮੇਥੀ ਵਿੱਚ ਲਾਭਕਾਰੀ ਐਨਜ਼ਾਇਮ ਵੀ ਪਾਏ ਜਾਂਦੇ ਹਨ।

## ਮੇਥੀ ਦੀ ਤਾਸੀਰ

ਆਯੁਰਵੇਦ ਅਨੁਸਾਰ ਮੇਥੀ ਦੀ ਤਾਸੀਰ ਗਰਮ, ਸਵਾਦ ਕੌੜਾ ਹੁੰਦਾ ਹੈ ਅਤੇ ਇਹ ਗੁਣ ਵਿੱਚ ਬਹੁਤ ਭਾਰੀ ਹੁੰਦੀ ਹੈ। ਇਹ ਵਾਤ, ਕਫ਼ ਅਤੇ ਤਾਪ ਨਾਸ਼ਕ ਹੁੰਦੀ ਹੈ। ਪੇਟ ਵਿੱਚ ਕੀੜੇ ਹੋਣ, ਭੁੱਖ ਨਾ ਲੱਗਣ, ਕਬਜ਼, ਮੋਟਾਪਾ, ਸ਼ੱਕਰ ਰੋਗ (ਸ਼ੂਗਰ) ਅਤੇ ਗਠੀਆ ਰੋਗਾਂ ਵਿੱਚ ਮੇਥੀ ਬਹੁਤ ਫ਼ਾਇਦੇਮੰਦ ਹੈ। ਮੇਥੀ ਅਤੇ ਸਿਹਤ ਮੇਥੀ ਸਿਹਤ ਲਈ ਲਾਭਕਾਰੀ ਹੁੰਦੀ ਹੈ। ਹਾਜ਼ਮੇ ਅਤੇ ਪੇਟ ਨਾਲ ਸਬੰਧਤ ਸਮੱਸਿਆਵਾਂ ਨੂੰ ਦੂਰ ਕਰਨ ਲਈ ਮੇਥੀ ਬਹੁਤ ਵਧੀਆ ਹੈ।

ਮੇਥੀ ਗੈਸ ਅਤੇ ਪੇਟ ਦਰਦ ਦੂਰ ਕਰਨ ਵਿੱਚ ਸਹਾਇਤਾ ਕਰਦੀ ਹੈ। ਮੇਥੀ ਗੈਸ ਦੀ ਸ਼ਿਕਾਇਤ ਨੂੰ ਦੂਰ ਕਰਨ ਦੇ ਨਾਲ ਅਪੈਂਡਿਕਸ ਵਿਚਲੀ ਗੰਦਗੀ ਨੂੰ ਵੀ ਦੂਰ ਕਰਦੀ ਹੈ। ਕਬਜ਼ ਨੂੰ ਦੂਰ ਕਰਨ ਲਈ ਮੌਸਮ ਮੁਤਾਬਕ ਸਵੇਰੇ-ਸ਼ਾਮ ਭੋਜਨ ਵਿੱਚ ਮੇਥੀ ਦੀ ਸਬਜ਼ੀ ਦੀ ਵਰਤੋਂ ਕਰਨੀ ਚਾਹੀਦੀ ਹੈ। ਆਮਾਤਿਸਾਰ ਦੇ ਇਲਾਜ ਲਈ ਰੋਗੀ ਨੂੰ ਮੇਥੀ ਦੇ ਪੱਤੇ ਘੀ ਵਿੱਚ ਮਿਲਾ ਕੇ ਖਾਣ ਲਈ ਦੇਣ ਦੇ ਨਾਲ ਚਾਰ ਚਮਚ ਮੇਥੀ ਦੇ ਰਸ ਨੂੰ ਮਿਸ਼ਰੀ ਦਾ ਇੱਕ ਚਮਚ ਮਿਲਾ ਕੇ ਪੀਣ ਨਾਲ ਜਲਦੀ ਲਾਭ ਹੁੰਦਾ ਹੈ। ਮੇਥੀ ਦੇ ਪੱਤੇ ਦੇ ਅਰਕ ਨਾਲ ਗਰਾਰੇ ਕਰਨ ਨਾਲ ਮੂੰਹ ਦੇ ਛਾਲੇ ਠੀਕ ਹੁੰਦੇ ਹਨ। ਮੇਥੀ ਦੇ ਪਾਣੀ ਨੂੰ ਦੰਦਾਂ 'ਤੇ ਰਗੜਣ ਨਾਲ ਦੰਦ ਮਜ਼ਬੂਤ ਹੁੰਦੇ ਹਨ। ਮੇਥੀ ਦਾਣੇ ਦੇ ਕਾੜੇ ਨਾਲ ਦਿਨ ਵਿੱਚ ਤਿੰਨ ਜਾਂ ਚਾਰ ਵਾਰ ਗਰਾਰੇ ਕਰਨ ਨਾਲ ਗਲੇ ਦੀ ਸੋਜ, ਦਰਦ ਅਤੇ ਟੌਂਸਲਜ ਦੀ ਬੀਮਾਰੀ ਦੂਰ ਹੋ ਜਾਂਦੀ ਹੈ। ਖ਼ੂਨ ਦੀ ਘਾਟ ਅਤੇ ਮੇਥੀ ਮੇਥੀ ਦੀ ਸਬਜ਼ੀ ਖਾਣ ਨਾਲ ਖ਼ੂਨ ਦੀ ਕਮੀ ਦੀ ਸ਼ਿਕਾਇਤ ਦੂਰ ਹੋ ਜਾਂਦੀ ਹੈ। ਪੇਚਿਸ਼, ਪੱਥਰੀ, ਰਕਤਚਾਪ, ਜ਼ਿਆਦਾ ਪਿਸ਼ਾਬ ਅਤੇ ਮਾਨਸਿਕ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਮੇਥੀ ਦਾ ਕਾੜਾ ਅਤੇ ਮੇਥੀ ਦਾ ਚੂਰਨ ਬਹੁਤ ਲਾਭਕਾਰੀ ਹੈ। ਔਰਤਾਂ ਵਿੱਚ ਚਿੱਟੇ ਪਾਣੀ ਦੀ ਸ਼ਿਕਾਇਤ ਹੋ ਜਾਣ 'ਤੇ ਵੀ ਮੇਥੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕਿਸੀ ਪ੍ਰਕਾਰ ਦੀ ਅੰਦਰੂਨੀ ਸੱਟ ਦੇ ਦਰਦ ਨੂੰ ਦੂਰ ਕਰਨ ਲਈ ਪ੍ਰਭਾਵਿਤ ਅੰਗ ਉੱਤੇ ਮੇਥੀ ਦੇ ਪੱਤਿਆਂ ਨੂੰ ਪੀਸ ਕੇ ਲੇਪ ਕਰਨਾ ਚਾਹੀਦਾ ਹੈ। ਇਸ ਨਾਲ ਸੋਜ ਦੂਰ ਹੋ ਜਾਂਦੀ ਹੈ। ਮੇਥੀ ਦੇ ਦਾਣਿਆਂ ਦਾ ਚੂਰਨ ਇੱਕ ਚਮਚ ਸਵੇਰੇ-ਸ਼ਾਮ ਨਿਸ਼ਚਿਤ ਰੂਪ ਨਾਲ ਲੈਣ ਨਾਲ ਗੋਡੇ, ਜੋੜਾਂ, ਆਮਵਾਤ ਲਕਵਾ ਅਤੇ ਗਠੀਏ ਤੋਂ ਆਰਾਮ ਮਿਲਦਾ ਹੈ।

ਮੇਥੀ ਦੇ ਦਾਣਿਆਂ ਦੇ ਲੱਡੂ ਬਣਾ ਕੇ ਤਿੰਨ ਹਫ਼ਤੇ ਤਕ ਸਵੇਰੇ-ਸ਼ਾਮ ਖਾਣ ਨਾਲ ਲੱਕ ਦਰਦ ਵਿੱਚ ਆਰਾਮ ਮਿਲਦਾ ਹੈ, ਨਾਲ ਹੀ ਪ੍ਰਭਾਵਿਤ ਜਗ੍ਹਾ 'ਤੇ ਮੇਥੀ ਦੇ ਤੇਲ ਦੀ ਮਾਲਿਸ਼ ਕੀਤੀ ਜਾਣੀ ਚਾਹੀਦੀ ਹੈ। ਸਰਦੀ-ਜ਼ੁਕਾਮ ਨੂੰ ਦੂਰ ਕਰਨ ਵਿੱਚ ਵੀ ਮੇਥੀ ਬਹੁਤ ਉਪਯੋਗੀ ਹੁੰਦੀ ਹੈ। ਇਸ ਲਈ ਸਵੇਰੇ-ਸ਼ਾਮ ਮੇਥੀ ਦੀ ਸਬਜ਼ੀ ਖਾਣ ਦੇ ਨਾਲ-ਨਾਲ ਮੇਥੀ ਦਾ ਇੱਕ ਚਮਚ ਦਾਣੇ ਗਰਮ ਦੁੱਧ ਦੇ ਨਾਲ ਖਾਣਾ ਚਾਹੀਦਾ ਹੈ।

ਰਾਤ ਨੂੰ ਸੌਂਦੇ ਸਮੇਂ ਮੇਥੀ ਦਾਣਿਆਂ ਦਾ ਲੇਪ ਵਾਲਾਂ ਵਿੱਚ ਲਗਾਉਣ ਨਾਲ ਵਾਲਾਂ ਦਾ ਰੋਗ ਦੂਰ ਹੋ ਜਾਂਦਾ ਹੈ ਅਤੇ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ। ਜਲਣ ਜਾਂ ਦਾਹ ਨੂੰ ਸ਼ਾਂਤ ਕਰਨ ਦੇ ਲਈ ਮੇਥੀ ਦੇ ਪੱਤੇ ਦਾ ਰਸ ਚਾਰ-ਚਮਚ ਦਿਨ ਵਿੱਚ ਲਗਪਗ ਤਿੰਨ ਵਾਰ ਰੋਗੀ ਨੂੰ ਦਿੱਤਾ ਜਾਣਾ ਚਾਹੀਦਾ ਹੈ, ਨਾਲ ਹੀ ਮੇਥੀ ਦੇ ਪੱਤਿਆਂ ਦਾ ਲੇਪ ਵੀ ਲਗਾਉਣਾ ਚਾਹੀਦਾ ਹੈ।

## ਸ਼ੂਗਰ ਰੋਗ ਲਈ ਰਾਮ ਬਾਣ ਮੇਥੀ

ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਮੇਥੀ ਦੇ ਲੱਡੂ ਜਾਂ ਮੇਥੀ ਦੀ ਸਬਜ਼ੀ ਅਤੇ ਮੇਥੀ ਦੇ ਦਾਣਿਆਂ ਦੇ ਚੂਰਨ ਦਾ ਨਿਯਮਿਤ ਰੂਪ ਨਾਲ ਸਵੇਰੇ-ਸ਼ਾਮ ਪ੍ਰਯੋਗ ਕਰਨਾ ਚਾਹੀਦਾ ਹੈ। ਮੇਥੀ ਵਿੱਚ ਖ਼ੂਨ ਅਤੇ ਪਿਸ਼ਾਬ ਵਿੱਚ ਗੁਲੂਕੋਜ਼ ਦੀ ਮਾਤਰਾ ਨੂੰ ਘੱਟ ਕਰਨ ਦਾ ਵਿਸ਼ੇਸ਼ ਗੁਣ ਹੁੰਦਾ ਹੈ। ਇਸ ਕਾਰਨ ਸ਼ੂਗਰ ਦੇ ਰੋਗੀਆਂ ਲਈ ਮੇਥੀ ਦਾ ਬਹੁਤ ਮਹੱਤਵ ਹੈ। ਸ਼ੂਗਰ ਦੇ ਰੋਗੀਆਂ ਨੂੰ ਰੋਜ਼ਾਨਾ ਦੋ ਚਮਚ ਮੇਥੀ ਦਾਣਿਆਂ ਦਾ ਚੂਰਨ ਦੁੱਧ ਵਿੱਚ ਮਿਲਾ ਕੇ ਲੈਣਾ ਚਾਹੀਦਾ ਹੈ। ਜੇ ਸੰਭਵ ਹੋਵੇ ਤਾਂ ਦੋ ਚਮਚ ਮੇਥੀ ਦੇ ਦਾਣਿਆਂ ਨੂੰ ਪਾਣੀ ਦੇ ਨਾਲ ਹੀ ਨਿਗਲ ਲੈਣਾ ਚਾਹੀਦਾ ਹੈ। ਜਾਮਨ ਦੇ ਸੁੱਕੇ ਬੀਜਾਂ ਵਿੱਚ ਮੇਥੀ ਮਿਲਾ ਕੇ ਪੀਸਣ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਇਸ ਮਿਸ਼ਰਨ ਦੇ ਇੱਕ ਚਮਚ ਸੇਵਨ ਨਾਲ ਵੀ ਸਰੀਰ ਵਿੱਚ ਸ਼ੂਗਰ ਦੀ ਮਾਤਰਾ ਠੀਕ ਰਹਿੰਦੀ ਹੈ। ਇਸ ਦੇ ਨਾਲ ਸਰੀਰ ਵਿੱਚ ਕੋਲੈਸਟਰੋਲ ਦੀ ਮਾਤਰਾ ਵੀ ਠੀਕ ਰਹਿੰਦੀ ਹੈ।

## ਸ਼ਾਕਾਹਾਰੀਆਂ ਲਈ ਵਰਦਾਨ ਮੇਥੀ

'ਟਰਾਂਸਮੇਥਾਇਮਿਲਮਿਨ' ਨਾਮਕ ਤੱਤ ਮੇਥੀ ਵਿੱਚ ਪਾਇਆ ਜਾਂਦਾ ਹੈ। ਇਸ ਕਾਰਨ ਇਹ ਸ਼ਾਕਾਹਾਰੀਆਂ ਦੇ ਲਈ ਮੱਛੀ ਦੇ ਤੇਲ ਦਾ ਵਧੀਆ ਬਦਲ ਹੈ। ਮੇਥੀ ਵਿੱਚ ਪਾਇਆ ਜਾਣ ਵਾਲਾ ਲੇਸੀਥਿਨ ਨਾਮਕ ਤੱਤ ਦਿਮਾਗੀ ਕਮਜ਼ੋਰੀ ਨੂੰ ਦੂਰ ਕਰਦਾ ਹੈ। ਪਾਣੀ ਵਿੱਚ ਪੀਸ ਕੇ ਬਣੇ ਮੇਥੀ ਦਾਣੇ ਦੇ ਪੇਸਟ ਨੂੰ ਜਲੇ ਹੋਏ ਥਾਂ 'ਤੇ ਲਗਾਉਣ ਨਾਲ ਦਰਦ ਅਤੇ ਜਲਣ ਤੋਂ ਰਾਹਤ ਮਿਲਦੀ ਹੈ ਅਤੇ ਜ਼ਖ਼ਮ ਜਲਦੀ ਠੀਕ ਹੋ ਜਾਂਦਾ ਹੈ। ਇਸ ਤਰ੍ਹਾਂ ਦਿਨ ਵਿੱਚ ਲਗਪਗ ਤਿੰਨ ਵਾਰ ਕਰਨਾ ਚਾਹੀਦਾ ਹੈ।

ਭੁੱਖ ਨਾ ਲੱਗਣਾ, ਜ਼ਿਆਦਾ ਪਿਸ਼ਾਬ ਆਉਣਾ, ਸਾਇਟਿਕਾ (ਲੰਗੜੀ ਦਰਦ), ਦਮਾ, ਪੇਟ ਅਤੇ ਮਾਸਪੇਸ਼ੀਆਂ ਦੇ ਦਰਦ ਲਈ ਰੋਜ਼ਾਨਾ ਮੇਥੀ ਦਾਣਿਆਂ ਦੀ ਇੱਕ ਚਮਚ ਮਾਤਰਾ ਦਿਨ ਵਿੱਚ ਤਿੰਨ ਵਾਰ ਲੈਣ ਨਾਲ ਲਾਭ ਹੁੰਦਾ ਹੈ। ਮੇਥੀ ਅਤੇ ਸਾਡੇ ਸਰੀਰ ਦਾ ਸਿੱਧਾ ਸਬੰਧ ਹੈ। ਇਸ ਲਈ ਮੇਥੀ ਨੂੰ ਸਾਨੂੰ ਆਪਣੇ ਭੋਜਨ ਵਿੱਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।

## ਮਿਲਾਵਟੀ ਵਸਤੂਆਂ ਦੀ ਪਛਾਣ ਲਈ ਇਹ ਤਰੀਕੇ ਅਜ਼ਮਾਓ

ਮਿਲਾਵਟੀ ਖੋਰੀ ਦੇ ਜ਼ਮਾਨੇ ਵਿੱਚ ਸੁੱਧ ਚੀਜ਼ ਮਿਲਣੀ ਬਹੁਤ ਮੁਸ਼ਕਿਲ ਹੈ। ਪਰ ਥੋੜੀ ਜਿਹੀ ਸਾਵਧਾਨੀ ਵਰਤ ਕੇ ਮਿਲਾਵਟੀ ਵਸਤੂਆਂ ਦੀ ਪਛਾਣ ਸੌਖੇ ਕੀਤੀ ਜਾ ਸਕਦੀ ਹੈ। ਉਦਾਹਰਨ ਵਜੋਂ ਤੁਸੀ ਹਲਦੀ ਪਾਊਡਰ ਖਰੀਦ ਰਹੇ ਤਾਂ ਖਿਆਲ ਰੱਖੋ ਹਲਦੀ ਵਿੱਚ ਮੇਟਾਨਿਲ ਯੇਲੋ ਦੀ ਮਿਲਾਵਟ ਕੀਤੀ ਜਾਂਦੀ ਹੈ। ਜਿਸ ਨਾਲ ਕੈਂਸਰ ਵੀ ਹੋ ਸਕਦਾ ਹੈ। ਇਸ ਟੈਸਟ ਕਰਨ ਲਈ ਪੰਜ ਬੂੰਦ ਹਾਈਡਰੋਕਲੋਰਿਕ ਏਸਿਡ ਅਤੇ ਪੰਜ ਬੂੰਦ ਪਾਣੀ ਪਾ ਕੇ ਵਿੱਚ ਥੋੜੀ ਜਿਹੀ ਹਲਦੀ ਪਾਓ। ਜੇਕਰ ਹਲਦੀ ਬੈਂਗਨੀ ਹੋ ਜਾਵੇ ਤਾਂ ਹਲਦੀ ਵਿੱਚ ਮਿਲਾਵਟ ਹੈ।

ਜੇ ਤੁਸੀ ਹਲਦੀ ਪਾਊਡਰ ਵਿੱਚ ਮਿਲਾਵਟ ਤੋਂ ਬਚਣ ਦੇ ਲਈ ਸਾਬਤ ਹਲਦੀ ਪਾਊਡਰ ਨੂੰ ਲੈ ਕੇ ਖ਼ੁਦ ਪਿਸਾਉਂਦੇ ਹੋ ਤਾਂ ਵੀ ਇਹ ਕਾਫੀ ਰਿਸਕੀ ਹੈ। ਹਲਦੀ ਦੀ ਪਛਾਣ ਕਰਨ ਲਈ ਸਾਬਤ ਹਲਦੀ ਨੂੰ ਵਿੱਚ ਠੰਡਾ ਪਾਣੀ ਮਿਲਾਓ। ਜੇ ਰੰਗ ਅਲੱਗ ਹੋ ਜਾਵੇ ਤਾਂ ਇਹ ਹਲਦੀ ਪਾਲਿਸ ਕੀਤੀ ਹੋਈ ਹੈ। ਮਸਾਲੇ ਵਿੱਚ ਇਸਤੇਮਾਲ ਕੀਤੀ ਜਾਣ ਵਾਲੀ ਦਾਲ ਚੀਨੀ ਵਿੱਚ ਅਮਰੂਦ ਦਾ ਛਿੱਲੜ ਮਿਲਾਇਆ ਜਾਂਦਾ ਹੈ। ਇਸ ਨੂੰ ਹੱਥ ਤੇ ਰੱਖ ਕੇ ਰਗੜੋ ਜੇ ਰੰਗ ਹੱਥ ਨੂੰ ਨਹੀਂ ਚੜਿਆ ਤਾਂ ਨਕਲੀ ਹੋਵੇਗੀ।

ਮਟਰ ਦੇ ਦਾਣੇ ਖਰੀਦੇ ਹਨ ਤਾਂ ਉਸਦੇ ਕੁਝ ਦਾਣੇ ਪਾਣੀ ਵਿੱਚ ਪਾ ਕੇ ਹਿਲਾਓ ਅਤੇ 30 ਮਿੰਟ ਤੱਕ ਛੱਡ ਦਿਓ। ਜੇ ਪਾਣੀ ਰੰਗੀਨ ਹੋ ਜਾਵੇ ਤਾਂ ਇਸ ਵਿੱਚ ਮੇਲਾਕਾਈਟ ਹਰੇ ਰੰਗ ਦੀ ਮਿਲਾਵਟ ਹੈ। ਅਜਿਹੀਆਂ ਮਿਲਾਵਟ ਵਾਲੀਆਂ ਚੀਜ਼ਾਂ ਖਾਣ ਨਾਲ ਪੇਟ ਨਾਲ ਸਬੰਧਿਤ ਗੰਭੀਰ ਬਿਮਾਰੀਆਂ ਜਿਵੇਂ ਅਲਸਰ, ਟਿਊਮਰ ਆਦਿ ਹੋਣ ਦਾ ਖਤਰਾ ਹੈ। ਮਿਲਾਵਟੀ ਮੱਛੀਆਂ: ਇਹ ਪੜ੍ਹ ਕੇ ਹੈਰਾਨ ਲੱਗਣਾ ਕਿ ਮਿਲਾਵਟੀ ਮੱਛੀਆਂ ਵੀ ਆ ਰਹੀਆਂ ਹਨ ਪਰ ਜਨਾਬ ਅਜਿਹਾ ਵਾਪਰ ਰਿਹਾ ਹੈ। ਮੁੰਬਈ ਗ੍ਰਾਹਕ ਪੰਚਾਇਤ ਨੇ ਮੱਛੀਆਂ ਉਪਰ ਗੂੰਦ ਲਗਾਉਣ ਦਾ ਖੁਲਾਸਾ ਕੀਤਾ ਹੈ। ਲੋਕ ਪਾਮਫ੍ਰੇਟ ਮੱਛੀ ਦਾ ਸਿਰ ਹਲਕਾ ਜਿਹਾ ਦਬਾ ਕੇ ਦੇਖਦੇ ਹਨ। ਸਫੇਦ ਚਿਪਚਿਪਾ ਪਦਾਰਥ ਮੱਛੀ ਦੀ ਤਾਜ਼ਗੀ ਦਾ ਸਬੂਤ ਮੰਨਿਆ ਜਾਂਦਾ ਹੈ ਪਰ ਹੁਣ ਇਸ ਸਭ ਕੁਝ ਬਾਸੀਆਂ ਮੱਛੀਆਂ ਖਰੀਦਣ ਲਈ ਗੂੰਦ ਲਾ ਦਿੰਦੇ ਹਨ।

ਚਾਹ ਪੱਤੀ ਵਿੱਚ ਮਿਲਾਵਟ ਦੇਖਣ ਲਈ। ਠੰਡੇ ਪਾਣੀ ਵਿੱਚ ਪੱਤੀ ਪਾਓ। ਜੇਕਰ ਰੰਗ ਛੱਡੇ ਤਾਂ ਸਪੱਸ਼ਟ ਹੈ ਕਿ ਵਾਰ ਇਹ ਚਾਹ ਪੱਤੀ ਪਹਿਲਾਂ ਵਰਤੀ ਜਾ ਚੁੱਕੀ ਹੈ। ਸੇਬ ਦੀ ਚਮਕ ਦੇਖ ਕੇ ਖ਼ੁਸ਼ ਨਾ ਹੋਵੋ। ਇਹਨਾਂ ਉਪਰ ਵੈਕਸ ਪਾਲਿਸ ਕੀਤੀ ਹੋ ਸਕਦੀ। ਇਸਦੀ ਜਾਂਚ ਦੇ ਲਈ ਪਹਿਲਾਂ ਇੱਕ ਬਲੇਡ ਲਵੋ ਅਤੇ ਸੇਬ ਨੂੰ ਹਲਕਾ - ਹਲਕਾ ਖੁਰਚੋ। ਜੇ ਕੁਝ ਸਫੇਦ ਪਦਾਰਥ ਨਿਕਲੇ ਤਾਂ ਖ਼ੁਸ਼ ਹੋਵੋ ਕਿ ਤੁਸੀ ਵੈਕਸ ਖਾਣ ਤੋਂ ਬਚ ਗਏ।




## ਅੱਡੀਆਂ ਤੇ ਕੂਹਣੀਆਂ ਦੀ ਦੇਖਭਾਲ

- ਨਹਾਉਣ ਤੋਂ ਪਹਿਲਾਂ ਅੱਡੀਆਂ 'ਤੇ ਹਫਤੇ 'ਚ 2 ਵਾਰ ਤੇਲ ਨਾਲ ਮਾਲਿਸ਼ ਕਰੋ। ਫਿਰ ਸਾਬਣ ਲਗਾ ਕੇ ਸਕ੍ਰਬਰ ਨਾਲ ਰਗੜਨ ਨਾਲ ਮੈਲ ਸਾਫ ਹੋ ਜਾਵੇਗੀ।
- ਪੈਰਾਂ ਦਾ ਪੈਡੀਕਿਓਰ ਕਰਦੇ ਰਹਿਣ ਨਾਲ ਅੱਡੀਆਂ ਨਰਮ ਤੇ ਸਾਫ ਬਣੀਆਂ ਰਹਿ ਸਕਦੀਆਂ ਹਨ।
- ਨਿੰਬੂ ਦੀਆਂ ਬਚੀਆਂ ਛਿੱਲਾਂ ਨੂੰ ਅੱਡੀਆਂ ਤੇ ਕੂਹਣੀਆਂ 'ਤੇ ਰਗੜੋ। ਇਸ ਨਾਲ ਇਨ੍ਹਾਂ 'ਤੇ ਜੰਮੀ ਮੈਲ ਤੇ ਕਾਲਾਪਨ ਦੂਰ ਹੁੰਦਾ ਹੈ।
- ਸੂਤੀ ਜ਼ੁਰਾਬਾਂ 'ਤੇ ਸਾਬਣ ਲਗਾ ਕੇ ਮਲਣ ਨਾਲ ਅੱਡੀਆਂ ਨੂੰ ਸਾਫ ਰੱਖਿਆ ਜਾ ਸਕਦਾ ਹੈ।
- ਜ਼ੈਤੂਨ ਦੇ ਤੇਲ ਨਾਲ ਅੱਡੀਆਂ ਤੇ ਕੂਹਣੀਆਂ ਦੀ ਮਾਲਿਸ਼ ਕਰੋ।

Scanned with CamScanner




# ਸੋਹਣਾ ਤੇ ਸਸਤਾ ਦੇਸ਼ ਸਵੀਡਨ

**ਸਵੀਡਨ ਜਾਣ ਆਉਣ ਦਾ ਟੋਲ ਟੈਕਸ ਵੀ ਜ਼ਿਆਦਾ ਨਹੀਂ ਸਗੋਂ ਤਕਰੀਬਨ 200 ਕਰੋਨੇ ਹੀ ਪੈਂਦਾ ਹੈ। ਨੌਰਵੀਜੀਅਨ ਲੋਕ ਸਵੀਡਨ ਤੋਂ ਸਾਲ-ਛਿਮਾਹੀ ਤਕ ਦੇ ਸੌਦੇ-ਸਾਮਾਨ ਲੋੜ ਮੁਤਾਬਕ ਖਰੀਦ ਕੇ ਰੱਖ ਲੈਂਦੇ ਹਨ। ਅੰਕੜੇ ਦੱਸਦੇ ਹਨ ਕਿ 2011 ਵਿੱਚ ਨੌਰਵੇ ਵੱਲੋਂ ਸਵੀਡਨ ਤੋਂ 11.5 ਬਿਲੀਅਨ ਕਰੋਨੇ ਦੀ ਖਰੀਦ ਕੀਤੀ ਗਈ ਜੋ ਭਾਰਤੀ 11,300 ਕਰੋੜ ਦੀ ਰਕਮ ਬਣਦੀ ਹੈ। ਬੱਚਿਆਂ ਅਤੇ ਸੈਲਾਨੀਆਂ ਨੂੰ ਹੀ ਨਹੀਂ ਸਗੋਂ ਨੌਰਵੇ ਵਾਲਿਆਂ ਨੂੰ ਵੀ ਮਿੱਠਾ ਪਿਆਰਾ ਲੱਗਦਾ ਹੈ ਇਹ ਮਿੱਠੀਆਂ ਸੋਹਣੀਆਂ ਤਰ੍ਹਾਂ-ਤਰ੍ਹਾਂ ਦੀਆਂ ਟੌਫੀਆਂ ਵਾਲਾ ਦੇਸ਼ ਸਵੀਡਨ ।**



ਸਵੀਡਨ ਯੂਰਪ ਦਾ ਬੜਾ ਸੋਹਣਾ ਤੇ ਸਸਤਾ ਦੇਸ਼ ਹੈ। ਇਸ ਦਾ ਉੱਤਰ-ਪੂਰਬੀ ਭਾਗ ਫਿਨਲੈਂਡ, ਦੱਖਣੀ ਭਾਗ ਡੈਨਮਾਰਕ ਅਤੇ ਪੱਛਮੀ ਹਿੱਸਾ ਨੌਰਵੇ ਨਾਲ ਲੱਗਦਾ ਹੈ। ਸਵੀਡਨ ਦਾ ਖੇਤਰਫਲ 4,49,964 ਵਰਗ ਕਿਲੋਮੀਟਰ ਅਤੇ ਆਬਾਦੀ 95 ਲੱਖ ਦੇ ਕਰੀਬ ਹੈ। ਇਸ ਦੀ ਰਾਜਧਾਨੀ ਸਟਾਕਹੋਮ (Stockholm) ਹੈ। ਨੌਰਵੇ ਦੇ ਨਾਲ ਲੱਗਦਾ ਇਹ ਮੁਲਕ ਵੀ ਇਸ ਵਾਂਗ ਠੰਢਾ ਦੇਸ਼ ਹੈ।

ਦਰਮਨ ਤੋਂ ਸਵੀਡਨ ਦੀ ਸਰਹੱਦ 132 ਕਿਲੋਮੀਟਰ ਦੂਰ ਹੈ ਜੋ ਕਾਰ ਰਾਹੀਂ ਪੌਣੇ ਕੁ ਦੋ ਘੰਟੇ ਦਾ ਸਫ਼ਰ ਹੈ। ਇੱਕ ਰਸਤਾ ਸਮੁੰਦਰ ਵਿੱਚੋਂ ਸੁਰੰਗ ਰਾਹੀਂ ਵੀ ਜਾਂਦਾ ਹੈ ਜੋ ਦਰਮਨ ਤੋਂ 131 ਕਿਲੋਮੀਟਰ ਬਣਦਾ ਹੈ। ਸਮੁੰਦਰ ਵਿੱਚੋਂ ਲੰਘਦੀ ਇਹ ਸੁਰੰਗ 7 ਕਿਲੋਮੀਟਰ ਲੰਮੀ ਹੈ। ਸਮੁੰਦਰੀ ਸੁਰੰਗ 'ਚੋਂ ਗੁਜ਼ਰਨ ਦਾ ਅਹਿਸਾਸ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਜਾਪਦਾ। ਨੌਰਵੇ ਤੋਂ ਸਵੀਡਨ ਜਾਣ ਵਾਲੇ ਸੈਲਾਨੀ ਜਾਂ ਆਮ ਲੋਕ ਓਸਲੋ ਤੋਂ ਸਮੁੰਦਰੀ ਜਹਾਜ਼ ਵਿੱਚ ਵੀ ਜਾਂਦੇ ਹਨ। ਕਈ ਲੋਕ ਆਪਣੀ ਕਾਰ ਜਹਾਜ਼ ਵਿੱਚ ਨਾਲ ਲੈ ਜਾਂਦੇ ਹਨ ਤੇ ਸਵੀਡਨ ਜਾ ਕੇ ਆਪਣੀ ਕਾਰ 'ਤੇ ਘੁੰਮਦੇ ਹਨ। ਕਈ ਲੋਕ ਮੁੜਦੇ ਸਮੇਂ ਕਾਰ 'ਤੇ ਹੀ ਵਾਪਸ ਆ ਜਾਂਦੇ ਹਨ। ਦਰਮਨ ਤੋਂ ਸਵੀਡਨ ਜਾਂਦਿਆਂ ਰਾਹ ਵਿੱਚ ਨਾ ਕੋਈ ਚੈੱਕ ਪੋਸਟ ਤੇ ਨਾ ਹੀ ਟੋਲ ਟੈਕਸ ਵਾਲੇ ਦਿਸਦੇ ਹਨ ਪਰ ਇਹ ਵੱਖਰੀ ਗੱਲ ਹੈ ਕਿ ਚਾਰ-ਪੰਜ ਥਾਂ 'ਤੇ ਟੋਲ ਟੈਕਸ ਲਿਆ ਜਾਂਦਾ ਹੈ। ਇਨ੍ਹਾਂ ਲੋਕਾਂ ਦੀਆਂ ਕਾਰਾਂ ਵਿੱਚ ਅਗਲੇ ਸ਼ੀਸ਼ੇ 'ਤੇ ਇੱਕ ਚਿੱਪ ਜਾਂ ਕਾਰਡ ਲੱਗਿਆ ਹੁੰਦਾ ਹੈ ਜਿਸ ਵਿੱਚ ਹਜ਼ਾਰ-ਪੰਦਰਾਂ ਸੌ ਕਰੋਨਾ ਜਮ੍ਹਾਂ ਹੁੰਦਾ ਹੈ। ਟੋਲ ਟੈਕਸ ਤੋਂ ਲੰਘਦਿਆਂ ਵਿਸ਼ੇਸ਼ ਤਕਨੀਕ ਨਾਲ ਉੱਥੇ ਪੈਸੇ ਜਮ੍ਹਾਂ ਹੋ ਜਾਂਦੇ ਹਨ। ਇਸ ਢੰਗ ਨਾਲ ਕੱਟੇ ਜਾਂਦੇ ਪੈਸੇ ਉਨ੍ਹਾਂ ਲੋਕਾਂ ਨਾਲੋਂ ਘੱਟ ਲੱਗਦੇ ਹਨ ਜੋ ਇਨ੍ਹਾਂ ਥਾਵਾਂ 'ਤੇ ਲੱਗੀਆਂ ਮਸ਼ੀਨਾਂ 'ਚ ਪੈਸੇ ਪਾਉਂਦੇ ਹਨ। ਜੇ ਕਾਰਡ ਵਿੱਚ ਪੈਸੇ ਨਾ ਹੋਣ ਤਾਂ ਟੋਲ ਟੈਕਸ ਦਾ ਬਿੱਲ ਘਰ ਆ ਜਾਂਦਾ ਹੈ। ਸਾਰੇ ਰਸਤੇ ਵਿੱਚ ਕਿਤੇ ਕੋਈ ਪੁਲੀਸ ਜਾਂ ਟਰੈਫਿਕ ਪੁਲੀਸ ਵਾਲਾ ਨਹੀਂ ਦਿਸਦਾ, ਨਾ ਹੀ ਥਾਂ-ਥਾਂ 'ਤੇ ਰੋਕ ਕੇ ਕੋਈ ਪੁੱਛ-ਪੜਤਾਲ ਜਾਂ ਕਾਗਜ਼-ਪੱਤਰ ਜਾਂ ਪਾਸਪੋਰਟ ਦੇਖੇ ਜਾਂਦੇ ਹਨ।

ਕੁਝ ਸਮਾਂ ਪਹਿਲਾਂ ਨੌਰਵੇ ਦੀ ਹੱਦ ਤਕ ਸੜਕ 'ਤੇ ਪੀਲੇ ਰੰਗ ਦੀਆਂ ਪੱਟੀਆਂ ਸਨ ਤੇ ਸਵੀਡਨ ਵੱਲ ਸਫ਼ੈਦ ਪਰ ਹੁਣ ਨੌਰਵੇ ਦੀਆਂ ਸੜਕਾਂ 'ਤੇ ਵੀ ਸਫ਼ੈਦ ਪੱਟੀਆਂ ਹਨ। ਪਹਿਲਾਂ ਵੀ ਛੇਤੀ ਕੀਤਿਆਂ ਪਤਾ ਨਹੀਂ ਸੀ ਲੱਗਦਾ ਕਿ ਅਸੀਂ ਸਰਹੱਦ ਲੰਘ ਗਏ ਹਾਂ।

ਮੁਲਕ ਦਾ ਫ਼ਰਕ ਇਨ੍ਹਾਂ ਪੱਟੀਆਂ ਦੇ ਰੰਗ ਤੋਂ ਹੀ ਪਤਾ ਲੱਗਦਾ ਸੀ ਪਰ ਹੁਣ ਇਹ ਅੰਤਰ ਵੀ ਨਹੀਂ ਰਿਹਾ। ਹੁਣ ਤਾਂ 'ਸਵਿਨੇ ਸੁੰਦ' (Svine Sund) ਨਦੀ ਦੇ ਪੁਲ਼ ਉੱਤੇ ਪੁੱਜ ਕੇ ਹੀ ਪਤਾ ਲੱਗਦਾ ਹੈ ਕਿ ਅਸੀਂ ਸਵੀਡਨ 'ਚ ਆ ਵੜੇ ਹਾਂ ਜਾਂ ਵਾਪਸੀ 'ਤੇ ਨੌਰਵੇ ਆ ਵੜੇ ਹਾਂ। ਇਹ ਪੁਲ਼ 700 ਮੀਟਰ ਲੰਮਾ ਹੈ ਜੋ ਅੱਧਾ ਨੌਰਵੇ ਤੇ ਅੱਧਾ ਸਵੀਡਨ ਦਾ ਹੈ। ਸਵੀਡਨ ਦੀ ਹੱਦ 'ਤੇ ਵੜਨ 'ਤੇ ਜ਼ਰਾ ਪਾਸੇ ਹਟਵੇਂ ਕਸਟਮ ਵਾਲੇ ਹੁੰਦੇ ਹਨ ਜੋ ਕਿਸੇ ਨੂੰ ਬੇਵਜ੍ਹਾ ਨਹੀਂ ਰੋਕਦੇ। ਕਿਸੇ ਬਹੁਤ ਸ਼ੱਕੀ ਮਾਮਲੇ 'ਚ ਹੀ ਇਹ ਰੋਕਦੇ ਹਨ। ਜਿਨ੍ਹਾਂ ਲੋਕਾਂ ਨੇ ਕੁਝ ਕਸਟਮ ਦੇਣਾ ਹੁੰਦਾ ਹੈ, ਉਹ ਆਪ ਹੀ ਰੁਕ ਕੇ ਕਸਟਮ ਦੇ ਜਾਂਦੇ ਹਨ। ਇਹੋ ਕਾਰਨ ਹੈ ਕਿ ਆਉਣ-ਜਾਣ ਵਾਲਿਆਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ। ਨੌਰਵੇ ਭਾਵੇਂ ਬਹੁਤ ਅਮੀਰ ਮੁਲਕ ਹੈ ਪਰ ਹਰ ਕੋਈ ਬੱਚਤ ਤਾਂ ਕਰਨੀ ਹੀ ਚਾਹੁੰਦਾ ਹੈ। ਨੌਰਵੇ ਵਿੱਚ ਸ਼ਰਾਬ, ਚੀਨੀ, ਟੌਫੀਆਂ-ਗੋਲੀਆਂ, ਤੰਬਾਕੂ ਤੇ ਸਿਗਰਟ 'ਤੇ ਬਹੁਤ ਟੈਕਸ ਹੈ। ਇੱਥੋਂ ਦੀ ਸਰਕਾਰ ਦੀ ਸੋਚ ਗਹਿਰ-ਗੰਭੀਰ ਹੈ ਕਿ ਇਹ ਚੀਜ਼ਾਂ ਸਿਹਤ ਲਈ ਬਹੁਤ ਹਾਨੀਕਾਰਕ ਹਨ, ਇਸ ਲਈ ਕੀਮਤ ਵਧਾ ਦਿੱਤੀ ਜਾਂਦੀ ਹੈ। ਸਵੀਡਨ ਵਿੱਚ ਇਨ੍ਹਾਂ ਵਸਤਾਂ 'ਤੇ ਬਹੁਤ ਹੀ ਘੱਟ ਟੈਕਸ ਹੈ ਤੇ ਉਂਜ ਵੀ ਨੌਰਵੇ ਨਾਲੋਂ ਸਸਤੀਆਂ ਪੈਂਦੀਆਂ ਹਨ ਕਿਉਂਕਿ ਨੌਰਵੇ ਦਾ 100 ਕਰੋਨਾ ਸਵੀਡਨ ਦੇ 116 ਕਰੋਨੇ ਦੇ ਬਰਾਬਰ ਹੈ, ਅਰਥਾਤ ਇਨ੍ਹਾਂ ਲੋਕਾਂ ਨੂੰ ਕਰੰਸੀ ਕਾਰਨ ਹੀ 16 ਫ਼ੀਸਦੀ ਸਸਤਾ ਪੈਣ ਵਾਲਾ ਸਾਮਾਨ ਬਿਨਾਂ ਟੈਕਸ ਜਾਂ ਮਾਮੂਲੀ ਟੈਕਸ ਕਾਰਨ ਬਹੁਤ ਘੱਟ ਕੀਮਤ 'ਤੇ ਮਿਲ ਜਾਂਦਾ ਹੈ। ਇੱਥੋਂ ਦੇ ਵਸਨੀਕਾਂ ਨੂੰ ਗੱਡੀ ਦੇ ਪੈਟਰੋਲ, ਟੋਲ ਟੈਕਸ ਤੇ ਆਪਣੇ ਖਾਣ-ਪੀਣ ਦੇ ਸਾਰੇ ਖਰਚੇ ਕੱਢ ਕੇ ਵੀ ਸਵੀਡਨ ਤੋਂ ਖਰੀਦਦਾਰੀ ਕਰਨੀ ਬਹੁਤ ਲਾਹੇਵੰਦ ਰਹਿੰਦੀ ਹੈ।

ਨੌਰਵੀਜੀਅਨ ਲੋਕ ਛੁੱਟੀ ਵਾਲੇ ਦਿਨ ਸਵੀਡਨ ਘੁੰਮ-ਫਿਰ ਵੀ ਆਉਂਦੇ ਹਨ ਤੇ ਆਪਣੀ ਘਰੇਲੂ ਲੋੜ ਵਾਲਾ ਸਾਮਾਨ ਜਾਂ ਸੌਦਾ-ਪੱਤਾ ਖਰੀਦ ਲਿਆਉਂਦੇ ਹਨ। ਸਵੀਡਨ 'ਚ ਵੜਦਿਆਂ ਹੀ ਇੱਕ ਬਹੁਤ ਵੱਡੇ ਤੇ ਪ੍ਰਸਿੱਧ ਨੂਰਬੀ ਸ਼ਾਪਿੰਗ ਸੈਂਟਰ (Nordby Shopping Center) ਵਿੱਚ ਹਰ ਤਰ੍ਹਾਂ ਦਾ ਸਾਮਾਨ ਮਿਲਦਾ ਹੈ ਪਰ ਉੱਥੇ ਦੇਖਣਯੋਗ ਇੱਕ ਬਹੁਤ ਵਧੀਆ ਥਾਂ ਹੈ ਜਿੱਥੇ ਸਿਰਫ਼ ਬਹੁਤ ਤਰ੍ਹਾਂ ਦੀਆਂ ਟੌਫੀਆਂ-ਚੌਕਲੇਟ ਤੇ ਕੋਲਡ ਡਰਿਕਸ ਹੀ ਮਿਲਦੇ ਹਨ। ਇਸ ਸੈਂਟਰ ਵਿੱਚ ਟੌਫੀਆਂ ਬੱਚਿਆਂ ਦੇ ਨਾਲ-ਨਾਲ ਵੱਡਿਆਂ ਲਈ ਵੀ ਵਿਸ਼ੇਸ਼ ਖਿੱਚ ਦਾ ਕਾਰਨ ਬਣਦੀਆਂ ਹਨ। ਇੱਕ ਫੁੱਲ ਜਾਂ ਫਲ ਜਿਵੇਂ ਗੁਲਾਬ ਦਾ ਫੁੱਲ, ਚੈਰੀ, ਅਨਾਨਾਸ, ਅੰਬ, ਕੇਲਾ, ਸੰਤਰਾ, ਸਟਰਾਬਰੀ, ਸੇਬ ਤੇ ਕੀਵੀ ਆਦਿ ਦੀ ਸ਼ਕਲ ਜਾਂ ਮਾਡਲ ਤੋਂ ਲੈ ਕੇ ਜਾਨਵਰਾਂ ਤੇ ਪੰਛੀਆਂ ਦੀ ਸ਼ਕਲ ਦੀਆਂ ਟੌਫੀਆਂ ਵੀ ਮਿਲਦੀਆਂ ਹਨ। ਇਨ੍ਹਾਂ ਵਿੱਚ ਗੰਡੋਏ, ਡੱਡੂ, ਸੱਪ, ਮੱਛੀਆਂ ਤੇ ਮਗਰਮੱਛ ਆਦਿ ਜੀਵਾਂ ਵਾਲੇ ਰੰਗ-ਰੂਪ ਦੀਆਂ ਟੌਫੀਆਂ ਵੀ ਹੁੰਦੀਆਂ ਹਨ। ਇਨ੍ਹਾਂ ਟੌਫੀਆਂ ਵਿੱਚ ਖ਼ੂਬਸੂਰਤ ਤਿੱਤਲੀਆਂ ਵਰਗੀਆਂ ਟੌਫੀਆਂ ਵੀ ਸ਼ਾਮਲ ਹਨ। ਔਰਤ, ਮਰਦ ਤੇ ਬੱਚਿਆਂ ਦੀ ਸ਼ਕਲ ਵਾਲੀਆਂ ਟੌਫੀਆਂ ਦੇ ਖ਼ਾਸ ਤੌਰ 'ਤੇ ਪੈਕਟ ਬਣੇ ਹੁੰਦੇ ਹਨ। ਬਾਹਰੋਂ ਆਏ ਸੈਲਾਨੀ ਇੱਥੋਂ ਟੌਫੀਆਂ ਜ਼ਰੂਰ ਲੈ ਕੇ ਜਾਂਦੇ ਹਨ। ਨੌਰਵੇ ਦੇ ਲੋਕ ਇੱਥੋਂ ਟੌਫੀਆਂ ਲੈਂਦੇ ਹਨ ਪਰ ਇਨ੍ਹਾਂ ਲੋਕਾਂ ਨੇ ਇੱਕ ਆਦਤ ਅਸੂਲ ਵਾਂਗ ਬਣਾਈ ਹੋਈ ਹੈ ਕਿ ਇਹ ਸਿਰਫ਼ ਸ਼ਨਿੱਚਰਵਾਰ ਨੂੰ ਹੀ ਬੱਚਿਆਂ ਨੂੰ ਟੌਫੀਆਂ ਜਾਂ ਚੌਕਲੇਟ ਖਾਣ ਲਈ ਦਿੰਦੇ ਹਨ। ਸਕੂਲ ਵਿੱਚ ਟੌਫੀਆਂ ਜਾਂ ਚੌਕਲੇਟ ਲਿਜਾਣ ਦੀ ਸਖ਼ਤ ਮਨਾਹੀ ਹੈ। ਇਨ੍ਹਾਂ ਚੀਜ਼ਾਂ ਨਾਲੋਂ ਇਹ ਲੋਕ ਫਲ ਅਤੇ ਜੂਸ ਹੀ ਬੱਚਿਆਂ ਨੂੰ ਜ਼ਿਆਦਾ ਦਿੰਦੇ ਹਨ। ਉਹ ਵੱਖਰੀ ਗੱਲ ਹੈ ਕਿ ਇਸ ਥਾਂ ਤੋਂ ਕੋਈ ਵੀ ਨਾਂਹ-ਨਾਂਹ ਕਰਦਿਆਂ ਟੌਫੀਆਂ ਤੇ ਚੌਕਲੇਟ ਖਰੀਦ ਹੀ ਲੈਂਦਾ ਹੈ। ਇੱਕ ਵੱਖਰੀ ਕਿਸਮ ਦੀਆਂ ਟੌਫੀਆਂ ਪਹਿਲੀ ਨਜ਼ਰੇ ਪੰਜਾਬ ਦੀ ਖੋਏ ਦੀ ਬਰਫੀ ਦਾ ਭੁਲੇਖਾ ਪਾਉਂਦੀਆਂ ਹਨ। ਇਹ ਵੇਖਣ ਵਾਲੀ ਥਾਂ ਹੈ।

ਨੌਰਵੇ ਤੋਂ ਸਵੀਡਨ ਲਈ ਬੱਸਾਂ ਦੀ ਆਮ ਸਹੂਲਤ ਹੈ। ਇੱਥੋਂ ਦੀਆਂ ਔਰਤਾਂ ਬੱਸਾਂ 'ਤੇ ਜਾ ਕੇ ਵੀ ਸਵੀਡਨ ਤੋਂ ਖਰੀਦੋ-ਫਰੋਖਤ ਕਰ ਲਿਆਉਂਦੀਆਂ ਹਨ। ਲੋਕੀਂ ਸਵੀਡਨ ਤੋਂ ਸ਼ਰਾਬ, ਸਿਗਰਟ ਜਾਂ ਟੌਫੀਆਂ ਤੋਂ ਇਲਾਵਾ ਖਾਣ-ਪੀਣ ਵਾਲਾ ਬਹੁਤਾ ਸਾਮਾਨ ਵੀ ਖਰੀਦਦੇ ਹਨ। ਆਟਾ, ਚੀਨੀ, ਕੋਲਡ ਡਰਿੰਕ, ਜੂਸ, ਮੈਦਾ, ਬੇਸਣ, ਮੀਟ, ਸਬਜ਼ੀਆਂ ਤੇ ਜੈਮ ਆਦਿ ਵੀ ਇਹ ਲੋਕ ਸਵੀਡਨ ਤੋਂ ਲਿਆਉਂਦੇ ਹਨ। ਇਸ ਦਾ ਇੱਕ ਹੋਰ ਵੱਡਾ ਕਾਰਨ ਹੈ ਕਿ ਸਵੀਡਨ ਯੂਰਪੀਨ ਸੰਘ ਦਾ ਹਿੱਸਾ ਹੈ। ਇਸ ਸੰਘ ਵਿੱਚ 27 ਦੇਸ਼ ਹਨ ਜਿਨ੍ਹਾਂ ਵਿੱਚ ਜਰਮਨੀ, ਫਰਾਂਸ, ਇੰਗਲੈਂਡ ਅਤੇ ਡੈਨਮਾਰਕ ਆਦਿ ਸ਼ਾਮਲ ਹਨ। ਇਨ੍ਹਾਂ ਮੁਲਕਾਂ ਦਾ ਆਪਸੀ ਵਪਾਰਕ ਸਮਝੌਤਾ ਹੈ ਕਿ ਇਹ ਸਾਰੇ ਇੱਕ-ਦੂਜੇ ਮੁਲਕ ਵਿੱਚ ਆਪਣਾ ਸਾਮਾਨ ਖਰੀਦ ਤੇ ਵੇਚ ਸਕਦੇ ਹਨ। ਇਨ੍ਹਾਂ ਮੁਲਕਾਂ ਵਿੱਚ ਇੱਕ-ਦੂਜੇ ਦੇ ਸਾਮਾਨ 'ਤੇ ਕੋਈ ਕਸਟਮ ਨਹੀਂ ਲਗਾਇਆ ਜਾਂਦਾ। ਇਸ ਕਾਰਨ ਵੀ ਸਵੀਡਨ ਸਸਤਾ ਪੈਂਦਾ ਹੈ ਕਿਉਂਕਿ ਨੌਰਵੇ ਯੂਰਪੀਨ ਸੰਘ ਦਾ ਹਿੱਸਾ ਨਹੀਂ ਹੈ।

ਸਵੀਡਨ ਜਾਣ ਆਉਣ ਦਾ ਟੋਲ ਟੈਕਸ ਵੀ ਜ਼ਿਆਦਾ ਨਹੀਂ ਸਗੋਂ ਤਕਰੀਬਨ 200 ਕਰੋਨੇ ਹੀ ਪੈਂਦਾ ਹੈ। ਨੌਰਵੀਜੀਅਨ ਲੋਕ ਸਵੀਡਨ ਤੋਂ ਸਾਲ-ਛਿਮਾਹੀ ਤਕ ਦੇ ਸੌਦੇ-ਸਾਮਾਨ ਲੋੜ ਮੁਤਾਬਕ ਖਰੀਦ ਕੇ ਰੱਖ ਲੈਂਦੇ ਹਨ। ਅੰਕੜੇ ਦੱਸਦੇ ਹਨ ਕਿ 2011 ਵਿੱਚ ਨੌਰਵੇ ਵੱਲੋਂ ਸਵੀਡਨ ਤੋਂ 11.5 ਬਿਲੀਅਨ ਕਰੋਨੇ ਦੀ ਖਰੀਦ ਕੀਤੀ ਗਈ ਜੋ ਭਾਰਤੀ 11,300 ਕਰੋੜ ਦੀ ਰਕਮ ਬਣਦੀ ਹੈ। ਬੱਚਿਆਂ ਅਤੇ ਸੈਲਾਨੀਆਂ ਨੂੰ ਹੀ ਨਹੀਂ ਸਗੋਂ ਨੌਰਵੇ ਵਾਲਿਆਂ ਨੂੰ ਵੀ ਮਿੱਠਾ ਪਿਆਰਾ ਲੱਗਦਾ ਹੈ ਇਹ ਮਿੱਠੀਆਂ ਸੋਹਣੀਆਂ ਤਰ੍ਹਾਂ-ਤਰ੍ਹਾਂ ਦੀਆਂ ਟੌਫੀਆਂ ਵਾਲਾ ਦੇਸ਼ ਸਵੀਡਨ ।

**ਪਰਮਜੀਤ ਕੌਰ ਸਰਹਿੰਦ**
**ਮੋਬਾਈਲ: 98728-98599**

Scanned with CamScanner




### *ਜੁਗ-ਜੁਗ ਜੀਵੇ ਮਾਨਾ, ਮਾਣ ਪੰਜਾਬੀ ਬੋਲੀ ਦਾ*

# ਗਾਇਕੀ ਦੇ ਅੰਬਰ ਦਾ ਧਰੂ-ਤਾਰਾ - ਗੁਰਦਾਸ ਮਾਨ



ਗੁਰਦਾਸ ਮਾਨ ਜੱਟ ਸਿੱਖ ਹੈ। ਸਿਆਣੇ ਕਹਿੰਦੇ ਨੇ ਗਾਉਣਾ ਜੱਟ ਦੇ ਵੱਸ ਦਾ ਰੋਗ ਨਹੀਂ। ਪਰ ਗੁਰਦਾਸ ਨੇ ਸੰਗੀਤ ਦੀ ਵਰਣਮਾਲਾ ਆਪਣੇ ਦਿਮਾਗ ਵਿਚ ਇਸ ਤਰ੍ਹਾਂ ਬਿਠਾਈ ਖੁਦ ਸੰਗੀਤ ਦਾ ਉਸਤਾਦ ਬਣ ਬੈਠਾ। ਗੁਰਦਾਸ ਮਾਨ ਇਕ ਅਲਬੇਲਾ ਕਲਕਾਰਾ ਹੈ ਪਰ ਉਹ ਸੂਖਮ ਤੇ ਦਰਦਮੰਦ ਦਿਲ ਦਾ ਮਾਲਕ ਹੈ। ਇਸ ਹੀ ਦਰਦਮੰਦ ਦਿਲ ਨੇ ਉਸ ਨੂੰ ਗਾਉਣ ਵੱਲ ਪ੍ਰੇਰਿਆ। ਸਰੂ ਜਿਹਾ ਕੱਦ ਗਜ ਚੋੜੀ ਛਾਤੀ ਵਾਲਾ ਛੈਲ-ਛਬੀਲਾ ਬਾਂਕਾ ਗੱਭਰੂ ਜਦੋਂ ਸਟੇਜ ਤੇ ਹੱਥ ਵਿਚ ਡਫਲੀ ਫੜ ਕੇ ਗਾਉਂਦਾ ਹੈ -

ਜਾਉ ਨੀ ਕੋਈ ਮੋੜ ਲਿਆਵੋ,
ਮੇਰੇ ਨਾਲ ਗਿਆ ਅੱਜ ਲੜਕੇ।
ਅੱਲਾ ਕਰੇ ਜੇ ਸੋਹਣਾ ਮੁੜ ਆਵੇ,
ਦੇਵਾਂ ਜਾਨ ਕਦਮਾਂ ਵਿਚ ਧਰਕੇ।

ਤਾਂ ਉਡੇ ਜਾਂਦੇ ਜਨੌਰ ਕੀਲੇ ਜਾਂਦੇ ਹਨ। ਸਤਲੁਜ ਦਾ ਪਾਣੀ ਕਲੋਲਾਂ ਕਰਨੀਆਂ ਭੁੱਲ ਜਾਂਦੇ ਹਨ ਹਵਾ ਦਾ ਬੁੱਲਾ ਵੀ ਆਪਣੇ ਆਪ ਨੂੰ ਥੰਮ ਲੈਂਦਾ ਹੈ।

ਜੇ ਉਸਤਾਦ ਯਮਲਾ ਜੱਟ ਜੀ ਨੇ ਤੂੰਬੀ ਨੂੰ ਇੱਜ਼ਤ ਦਿਵਾਈ ਹੈ ਤਾਂ ਗੁਰਦਾਸ ਨੇ ਡਫਲੀ ਨੂੰ ਸੰਗੀਤਕ ਹਲਕੇ ਵਿਚ ਹਰਮਨ ਪਿਆਰਾ ਬਣਾਇਆ।

ਗੁਰਦਾਸ ਕਦੇ ਇਸ਼ਕ ਮੁਹੱਬਤ ਦੀ ਗੱਲ ਕਰਦਾ ਹੈ ਅਤੇ ਕਦੇ ਆਪਣੀ ਮਾਂ ਬੋਲੀ ਪੰਜਾਬੀ ਲਈ ਤਰਲੇ ਪਾਉਂਦਾ ਹੈ -

ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ,
ਫਿੱਕੀ ਪੈ ਗਈ ਤੇਰੀ ਕਿਉਂ ਚਿਹਰੇ ਦੀ ਨੁਹਾਰ,
ਸਿੱਧੀਆਂ ਖਿਲਾਰੀ ਫਿਰੇ ਭੁੱਲੇ ਦੀਏ ਕਾਫੀਏ ਨੀ,
ਕੀਹਨੇ ਲਾਹ ਲਿਆ ਤੇਰਾ ਨੀ ਸ਼ਿੰਗਾਰ।

ਗੁਰਦਾਸ ਮਾਨ ਵਾਕਿਆ ਹੀ ਹੰਕਾਰ ਰਹਿਤ ਆਦਮੀ ਹੈ ਮੋਹ-ਭਿੱਜੇ ਖ਼ਤ ਵਰਗਾ ਹੈ, ਹਮੇਸ਼ਾ ਆਪਣੇ ਆਪ ਨੂੰ ਨਿਮਾਣਾ ਤੁਛ ਜਿਹਾ ਸਮਝਦਾ ਹੈ-

ਮੈਂ ਮਿੱਟੀ ਮੇਰੀ ਜਾਤ ਵੀ ਮਿੱਟੀ,
ਮੇਰੇ ਗਲ ਮਿੱਟੀ ਦਾ ਬਾਣਾ।
ਮਾਂ ਮੇਰੀ ਨੇ ਮਿੱਟੀ ਜੰਮੀ,
ਮੇਰਾ ਨਾਂ ਰੱਖਿਆ ਮਰਜਾਣਾ।

ਪੰਜਾਬ ਦਾ ਘੁੱਗ ਵਸਦਾ ਕਸਬਾ ਗਿੱਦੜਬਾਹਾ ਜਿਥੇ ਪਹਿਲਾਂ ਸਤ ਛੋਟੋਆਂ ਮਾਰਕਾ ਵਾਲੀ ਨਾਮਵਰ ਕਰਕੇ ਮਸ਼ਹੂਰ ਸੀ ਅਤੇ ਹੁਣ ਪੰਜਾਬੀਆਂ ਦੇ ਹਰਦਿਲ ਅਜ਼ੀਜ਼ ਅਲਬੇਲੇ ਸ਼ਾਇਰ ਫ਼ਨਕਾਰ ਗੁਰਦਾਸ ਮਾਨ ਕਰਕੇ ਮਸ਼ਹੂਰ ਹੈ। ਪਿਛਲੇ ਦਿਨੀਂ ਲੁਹਾਰੇ ਬਾਬਾ ਦਾਮੂ ਸ਼ਾਹ ਜੀ ਦੇ ਮੇਲੇ ਤੇ ਗੁਰਦਾਸ ਮਾਨ ਜੀ ਆਏ ਹੋਏ ਸਨ ਜਦ ਮੈਂ ਆਪਣੇ ਪਰਮ ਮਿੱਤਰ ਤੇ 'ਮਹਿਕ ਵਤਨ ਦੀ' ਦੇ ਚੀਫ਼ ਅਡੀਟਰ ਭਵਨਦੀਪ ਸਿੰਘ ਪੁਰਬਾ ਨਾਲ ਉਨ੍ਹਾਂ ਨੂੰ ਮਿਲਿਆ ਤਾਂ ਉਸ ਨੇ ਪੰਜਾਬੀ ਸੁਭਾਅ ਅਨੁਸਾਰ ਮੈਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ ਤਾਂ ਮੇਰਾ ਗਲਾ ਭਰ ਆਇਆ। ਇੰਨੀ ਮੁਹੱਬਤ, ਇੰਨਾ ਖਲੂਸ ਉਸ ਕੋਲੋ ਮੈਨੂੰ ਆਪਣੀ ਜਨਮੀ ਭੋਇੰ ਦੀ ਮਹਿਕ ਵਰਗੀ ਮਹਿਕ ਆਉਣ ਲੱਗੀ। ਭਾਵੇਂ ਇਹ ਸਾਡੀ ਪਹਿਲੀ ਮੁਲਾਕਾਤ ਸੀ ਪਰ ਗੁਰਦਾਸ ਨੇ ਮਹਿਸੂਸ ਨਹੀਂ ਹੋਣ ਦਿੱਤਾ। ਇਸ ਮਾਣਮੱਤ ਅਲਬੇਲੇ ਫ਼ਨਕਾਰ ਦੀ ਜੱਫੀ ਵਿਚ ਮੈਂ ਆਪਣੇ ਆਪ ਨੂੰ ਬੜਾ ਵੱਡਾ ਤੇ ਮਾਣਮੱਤਾ ਮਹਿਸੂਸ ਕਰਨ ਲੱਗ ਪਿਆ। ਜੋ ਉਨ੍ਹਾਂ ਨਾਲ ਸਾਡੀ ਗੱਲਬਾਤ ਹੋਈ ਉਹੀ ਗੱਲਬਾਤ ਨੂੰ ਰੂ-ਬ-ਰੂ ਮਹਿਕ ਵਤਨ ਦੀ ਦੇ ਪਾਠਕਾਂ ਦੇ ਸਨਮੁੱਖ ਕਰਨ ਦਾ ਸਰਫ ਹਾਸਲ ਕਰ ਰਿਹਾ ਹਾਂ

**? ਆਪਣੀ ਜਨਮ ਭੋਇੰ ਬਾਰੇ ਦੱਸੋ?**

- ਮੇਰੀ ਜਨਮ ਭੋਇੰ ਪੰਜਾਬ ਦਾ ਘੁੱਗ ਵਸਦਾ ਕਸਬਾ ਗਿੱਦੜਬਾਹਾ ਹੈ। ਮੇਰਾ ਜਨਮ 4 ਜਨਵਰੀ 1962 ਨੂੰ ਸ੍ਰ. ਗੁਰਦੇਵ ਸਿੰਘ ਘਰ ਮਾਤਾ ਤੇਜ ਕੌਰ ਦੀ ਕੁੱਖੋਂ ਹੋਇਆ। ਮੇਰਾ ਭਰਾ ਗੁਰ ਪੰਥ ਸਿੰਘ ਹੈ ਅਤੇ ਭੈਣ ਜਸਬੀਰ ਕੌਰ। ਪਤਨੀ ਮਨਜੀਤ ਮਾਨ ਅਤੇ ਲੜਕਾ ਗੁਰਇੱਕ ਮਾਨ।

**? ਗਾਉਣ ਦੀ ਚੇਟਕ ਕਿਵੇਂ ਲੱਗੀ।**

- ਗਾਉਣ ਮੈਨੂੰ ਬਚਪਨ ਤੋਂ ਹੀ ਚੰਗਾ ਲਗਦਾ ਸੀ ਬਸ ਮੈਂ ਤਰਫੋ-ਵ੍ਹਿਦੇ ਨੇ ਐਵੇਂ ਯਵਾਕਾਂ ਵਾਲੀ ਮੱਤ ਵਿਚ ਗਾਉਂਦੇ ਫਿਰਨਾ ਇਕ ਦਿਨ ਮੈਂ ਕਿਸੇ ਨੂੰ ਕੱਦ ਦੀ ਤੂੰਬੀ ਬਣਾਉਂਦੇ ਵੇਖਿਆ ਮੈਂ ਘਰੇ ਆ ਕੇ ਇਕ ਕੁੱਜੀ ਚੁੱਕੀ ਉਸ ਵਿਚੋਂ ਆਰ-ਪਾਰ ਸੁਰਾਖ ਕਰਕੇ ਵਿਚ ਡੰਡਾ ਫਸਾ ਕੇ ਉੱਪਰ ਤਾਰ ਲਾ ਕੇ ਆਪਣੀ ਦੇਸੀ ਤੂੰਬੀ ਤਿਆਰ ਕਰ ਲਈ। ਭਾਵੇਂ ਉਸ ਦੀ ਆਵਾਜ਼ ਤਾਂ ਮੋਟੀ ਜਿਹੀ ਸੀ ਪਰ ਅੰਦਰੋਂ ਮਨ ਬਹੁਤ ਖੁਸ਼ ਸੀ।

**? ਘਰਦਿਆਂ ਦਾ ਕਿੰਨਾ ਕੁ ਸਹਿਯੋਗ ਸੀ।**

- ਪੁੱਛੋ ਨਾ ਇਹ ਗੱਲ ਪਹਿਲਾਂ ਤਾਂ ਘਰਦੇ ਗਾਉਣ ਦੇ ਨਾਂ ਤੋਂ ਹੀ ਘਰ ਸਿਰ ਚੁੱਕ ਲੈਂਦੇ ਸੀ ਪਿਤਾ ਜੀ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦਾ ਮੁੰਡਾ ਗਾਉਣ ਵਰਗੇ ਕਿੱਤੇ ਨੂੰ ਅਪਨਾਵੇ। ਪਰ ਬਾਅਦ ਵਿਚ ਸਭ ਠੀਕ ਹੋ ਗਿਆ।

**? ਪਹਿਲੀ ਵਾਰ ਗਾਉਣ ਦਾ ਸਬੱਬ ਕਿਵੇਂ ਬਣਿਆ।**

- ਫਿਜ਼ੀਕਲ ਕਾਲਜ ਦੇ ਵਿਦਿਆਰਥੀ ਦਾ ਇਕ ਗਰੁੱਪ ਯੂਥ ਫੈਸਟੀਵਲ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਲਖਨਊ ਗਿਆ। ਫੈਸਟੀਵਲ ਵਿਚ ਹਿੱਸਾ ਕਿਸੇ ਵਜਾ ਕਾਰਣ ਨਾ ਲੈ ਸਕੇ। ਸਕੀਮ ਬਣਾਈ ਆਗਰੇ ਤਾਜ ਮਹੱਲ ਵੇਖਣ ਚੱਲੀਏ ਉਥੇ ਇਕ ਆਰਮੀ ਦੇ ਅਫਸਰ ਨਾਲ ਮੁਲਾਕਾਤ ਹੋ ਗਈ। ਰੈਜਮੈਂਟ ਦੇ ਇਕ ਜਸ਼ਨ ਵਿਚ ਗਾਉਣ ਦਾ ਮੌਕਾ ਮਿਲਿਆ ਬੱਸ ਉਥੋਂ ਹੀ ਸ਼ੁਰੂਆਤ ਹੋ ਗਈ।

**? ਸੁਣਿਆ ਤੁਸੀਂ ਨੌਕਰੀ ਵੀ ਕੀਤੀ ਹੈ।**

- ਹਾਂ ਜੀ ਮੈਂ ਫਿਜ਼ੀਕਲ ਦੇ ਲੈਕਚਰਾਰ ਵਜੋਂ ਸਰਕਾਰੀ ਕਾਲਜ ਮੁਕਤਸਰ ਨੌਕਰੀ ਕੀਤੀ ਫਿਰ ਕੁਝ ਚਿਰ ਡੇਰਾ ਬਸੀ ਵੀ ਪੜ੍ਹਾਉਂਦਾ ਰਿਹਾ।

**? ਬਿਜਲੀ ਬੋਰਡ ਵਿਚ ਵੀ ਨੌਕਰੀ ਕੀਤੀ ਸੀ।**

- ਬਿਜਲੀ ਬੋਰਡ ਦੇ ਆਡਿਟ ਵਿਭਾਗ ਦਾ ਇਕ ਅਫ਼ਸਰ ਸੀ ਸ਼ੀਮਾਨ ਭਸੀਨ ਜੀ ਉਨ੍ਹਾਂ ਨੇ ਮੈਨੂੰ ਆਪਣੇ ਦਫ਼ਤਰ ਵਿਚ ਡਾਕ ਛਾਂਟਣ ਦੇ ਕੰਮ ਤੇ ਲਾ ਲਿਆ।

**? ਨੌਕਰੀ ਛੱਡੀ ਕਿਉਂ।**

- ਹੱਸਦੇ ਹੋਏ, ਗਾਇਕੀ ਦਾ ਫਤੂਰ ਕੁਝ ਜ਼ਿਆਦਾ ਹੀ ਹੋ ਗਿਆ ਸੀ ਜਿਹੜੀ ਡਾਕ ਆਉਂਦੀ ਮੈਂ ਪੂਰੇ ਦਾ ਪੂਰਾ ਬੰਡਲ ਇਕ ਬੋਰੀ ਵਿਚ ਪਾ ਦਿੰਦਾ ਇਕ ਦਿਨ ਰੋਲਾ ਪੈ ਗਿਆ ਗੁੰਮ ਹੋਈਆਂ ਚਿੱਠੀਆਂ ਦੀ ਨੱਕੋ-ਨੱਕ ਭਰੀ ਬੋਰੀ ਮਿਲ ਗਈ ਭਸੀਨ ਸਾਹਿਬ ਜੀ ਨੇ ਸੱਦਿਆ ਕਿਉਂ ਕਾਕਾ ਤੇਰਾ ਦਿਲ ਨਹੀਂ ਕਰਦਾ ਕੰਮ ਕਰਨ ਨੂੰ ਮੈਂ ਤਾਂ ਉਸ, 'ਨੇਕਗ ਪੁਰਸ਼ ਅੱਗੇ ਰੋਈ ਜਾਵਾਂ ਉਨ੍ਹਾਂ ਨੇ ਕਿਹਾ ਜਾਹ ਤੂੰ ਆਪਣੇ ਸ਼ੌਕ ਨੂੰ ਮਰਨ ਨਾ ਦੇ ਇਸ ਨੂੰ ਪ੍ਰਫੁੱਲਤ ਕਰ। ਦਫ਼ਤਰ ਦੀ ਕਲਰਕੀ ਤੇਰੀ ਮੰਜ਼ਿਲ ਨਹੀਂ ਤੇਰੀ ਮੰਜ਼ਿਲ ਤਾਂ ਹੋਰ ਹੈ।




**? ਨਾਟਕਾਂ ਵਿਚ ਵੀ ਕੰਮ ਕੀਤਾ।**

- ਸਟੇਜ ਮੇਰੇ ਰੋਮ-ਰੋਮ ਵਿਚ ਰਚੀ ਹੋਈ ਹੈ। ਮੈਂ ਸਵਰਗੀ ਹਰਪਾਲ ਟਿਵਾਣਾ ਨਾਲ ਕੰਮ। ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ।

**? ਕੋਈ ਨਾਟਕ ਯਾਦ ਹੈ?**

- ਹਾਂ-ਹਾਂ ਹਿੰਦ ਦੀ ਚਾਦਰ, ਸਤਿਆਮੇ ਜਯੰਤੇ, ਉਪੇਰਾ ਸੁਰਖ ਗੁਲਾਬ ਦੀ ਬੇਟੀ ਹੋਰ ਵੀ ਬਹੁਤ ਹਨ।

**? ਪਹਿਲਾਂ ਐਲ.ਪੀ. (ਤਵਾ) ਕਿਹੜਾ ਸੀ।**

- ਦਿਲ ਦਾ ਮਾਮਲਾ ਜੋ 1982 ਵਿਚ ਮਾਰਕੀਟ ਵਿਚ ਆਇਆ।

**? ਦੂਰਦਰਸ਼ਨ ਤੇ ਕਿਸ ਤਰ੍ਹਾਂ ਪਹੁੰਚ ਕੀਤੀ।**

- ਦੂਰਦਰਸ਼ਨ ਜਲੰਧਰ ਤੇ ਲਿਆਉਣ ਵਾਲੇ ਬਾਵਾ ਜੀ ਹਨ। ਮੇਰੀ ਸਭ ਤੋਂ ਪਹਿਲੀ ਰਿਕਾਰਡਿੰਗ ਦੂਰਦਰਸ਼ਨ ਦੇ ਪ੍ਰੋਗਰਾਮ ਜਵਾਂ ਤਰੰਗੀ ਵਿਚ ਸੰਨ 1978 ਵਿਚ ਹੋਈ ਜਿਥੇ ਮੈਂ ਗੀਤ ਗਾਇਆ।

"ਲਾਈ ਬੇਕਦਰਾਂ ਨਾਲ ਯਾਰੀ,
ਟੁੱਟ ਗਈ ਤੜੱਕ ਕਰਕੇ।

ਬਹੁਤ ਹੌਸਲਾ ਮਿਲਿਆ ਬਸ ਫਿਰ ਤਾਂ ਗੱਡੀ ਲੀਹ ਤੇ ਰਿੜ ਪਈ ਫਿਰ ਚੱਲ ਸੋ ਚੱਲ।

**? ਤੁਸੀਂ ਇਕ ਸਫ਼ਲ ਗਾਇਕ ਵੀ ਹੋ ਇਕ ਫ਼ਿਲਮ ਐਕਟਰ ਵੀ ਹੋ ਅਤੇ ਇਕ ਗੀਤਕਾਰ ਇੰਨਾ ਤਿੰਨਾਂ ਚੀਜ਼ਾਂ ਦਾ ਸੰਤੁਲਨ ਕਿਸ ਤਰ੍ਹਾਂ ਬਣਾ ਕੇ ਰੱਖਦੇ ਹੋ।**

- ਵੇਖੋ ਜਦੋਂ ਮੈਂ ਸਟੇਜ ਕਰ ਰਿਹਾ ਹੁੰਦਾ ਹਾਂ ਉਥੇ ਮੈਂ ਸਿਰਫ਼ ਇਕ ਗਾਇਕ ਹੀ ਹੁੰਦਾ ਹਾਂ ਫ਼ਿਲਮ ਵਿਚ ਜਦੋਂ ਮੈਂ ਐਕਟਿੰਗ ਕਰਦਾ ਉਸ ਵਕਤ ਮੇਰੇ ਦਿਮਾਗ ਵਿਚ ਫ਼ਿਲਮ ਵਿਚਲਾ ਕਿਰਦਾਰ ਹੀ ਹੁੰਦਾ ਹੈ ਅਤੇ ਗੀਤਕਾਰੀ ਵੇਲੇ ਮੈਂ ਦੂਸਰੇ ਦੋਵਾਂ ਕੰਮਾਂ ਨੂੰ ਪਾਸੇ ਰੱਖ ਕੇ ਗੀਤਕਾਰੀ ਵਿਚ ਹੀ ਮਗਨ ਹੁੰਦਾ ਹਾਂ। ਕਿਉਂਕਿ ਗੀਤ ਲਿਖਣਾ ਸਭ ਤੋਂ ਜ਼ਿਆਦਾ ਔਖਾ ਹੈ। ਜਿਹੜਾ ਇਸ ਦੌਰ ਵਿਚੋਂ ਦੀ ਗੁਜਰਦਾ ਉਸ ਨੂੰ ਹੀ ਪਤਾ ਗੀਤਕਾਰੀ ਦਾ ਘਰ ਕਿੱਥੇ ਕੁ ਹੈ।

**? ਗੀਤਕਾਰੀ ਲਈ ਸਮਾਂ ਕਿਵੇਂ ਕਢਦੇ ਹੋ।**

- ਮੈਂ ਮਸ਼ਰੂਫ ਤਾਂ ਬਹੁਤ ਰਹਿੰਦਾ ਅੱਜ ਇਥੇ ਭਲਕੇ ਹੋਰ ਕਿਤੇ ਪਰ ਮੈਨੂੰ ਗੀਤਕਾਰੀ ਲਈ ਇਕਾਂਤ ਨਹੀਂ ਚਾਹੀਦਾ ਬਸ ਜਦੋਂ ਦਿਮਾਗ ਨੇ ਕੋਈ ਸੋਹਣੇ ਜਿਹੇ ਮੁਖੜੇ ਨੂੰ ਜਨਮ ਦੇ ਦਿੱਤਾ ਕਾਪੀ ਤੇ ਉੱਕਰ ਦੇਈਦਾ। ਭਾਵੇਂ ਸਫ਼ਰ ਵੀ ਕਰਦੇ ਹੋਈਏ ਬਸ ਮਨ ਵਿਚ ਟਿਕਾ ਹੋਣਾ ਚਾਹੀਦਾ। ਗੀਤ ਆਪਣੇ ਆਪ ਹੀ ਬਣ ਜਾਂਦਾ।

**? ਤੁਹਾਡਾ ਇਕ ਗੀਤ ਹੈ ਪਿੰਡ ਦੀਆਂ ਗਲੀਆਂ ਉਸ ਵਿਚਲੀ ਸ਼ਬਦਾਵਲੀ ਪੇਂਡੂ ਭਾਸ਼ਾ ਨਾਲ ਲਬਰੇਜ਼ ਹੈ ਤੁਹਾਡਾ ਆਪਣਾ ਉਸ ਵਿਚੋਂ ਬਚਪਨ ਝਲਕਦਾ।**

- ਜਿਥੇ ਮਰਜ਼ੀ ਚਲੇ ਜਾਉ। ਜਨਮ ਭੋਇੰ ਦੀ ਤਾਂਘ ਤਾਂ ਤੁਹਾਡੇ ਦਿਲ ਵਿਚ ਰਹੇਗੀ ਨਾਲੇ ਜੁਆਕ ਤਾਂ ਬਾਦਸ਼ਾਹ ਹੁੰਦੇ ਹਨ। ਉਨ੍ਹਾਂ ਨੂੰ ਨਹੀਂ ਪਤਾ ਹੁੰਦਾ ਊਚ-ਨੀਚ ਦਾ ਇਕ-ਦੂਜੇ ਤੋਂ ਜੂਠੀਆਂ ਚੀਜ਼ਾਂ ਖੋਹ ਕੇ ਖਾ ਲੈਂਦੇ ਨੇ। ਮੇਰੇ ਦਿਮਾਗ ਵਿਚ ਵੀ ਇਹ ਸਾਰੀਆਂ ਬਚਪਨ ਵਾਲੀਆਂ ਗੱਲਾਂ ਯਾਦ ਹਨ। ਰਾਤ ਨੂੰ ਸੁਪਨਿਆਂ ਵਿਚ ਵੀ ਕਦੇ-ਕਦੇ ਇਹੋ ਜਿਹਾ ਕੁਝ ਯਾਦ ਆ ਜਾਂਦਾ ਜਦੋਂ ਤੜਕੇ ਉਠੀਦਾ ਤਾਂ ਮਨ ਖੁਸ਼ ਜਿਹਾ ਹੋ ਜਾਂਦਾ ਬਸ ਇੰਨਾ ਸਾਰੀਆਂ ਚੀਜ਼ਾਂ ਨੇ ਹੀ ਇਹ ਗੀਤ ਲਿਖਵਾਇਆ।

**? ਤੁਹਾਡਾ ਇਕ ਹੋਰ ਗੀਤ ਪਿੱਛੇ ਜਿਹੇ ਆਇਆ 'ਹੀਰ' ਜੇ ਉਸ ਨੂੰ ਹੁਣ ਤੱਕ ਦੇ ਗੀਤਕਾਰੀ ਦੇ ਦੌਰ ਵਿਚੋਂ ਤੁਹਾਡਾ ਸ਼ਾਹਕਾਰ ਮੰਨ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।**

- ਛੋਟੇ ਵੀਰ ਕੁਲਵਿੰਦਰ ਧਿਆਨ ਨਾਲ ਸੁਣ ਹੀਰ ਮਾਈ ਤੇ ਮੀਆਂ ਰਾਂਝਾ ਸਾਡੀ ਵਿਰਾਸਤ ਹੈ, ਸਾਡਾ ਸਭਿਆਚਾਰ ਹੈ, ਉਨ੍ਹਾਂ ਦੇ ਪਿਆਰ 'ਚ ਪਾਕੀਜਗੀ ਸੀ, ਸ਼ਰਮਾ, ਹਯਾ ਸੀ। ਉਨ੍ਹਾਂ ਲਈ ਲਿਖਣਾ ਸੂਰਜ ਨੂੰ ਦੀਵਾ ਵਿਖਾਉਣਾ। ਮੈਂ ਅੱਧੀ ਮੀਆਂ ਵਾਰਿਸ ਸ਼ਾਹ ਦੀ ਹੀਰ ਨੌਵੀਂ ਕਲਾਸ ਵਿਚ ਹੀ ਪੜ੍ਹ ਲਈ ਬਸ ਇਹ ਤਾਂ ਉਨ੍ਹਾਂ ਦੀ ਇਬਾਦਤ ਹੈ ਉਨ੍ਹਾਂ ਦੇ ਸੱਚੇ-ਸੁੱਚੇ ਪਿਆਰ ਲਈ ਗੀਤ ਰਾਹੀਂ ਛੁੱਟ ਭੇਂਟ ਕੀਤੇ ਬਾਕੀ ਕਦਰਦਾਨ ਨੇ ਹੀਰੇ ਦੀ ਪਛਾਣ ਤਾਂ ਆਪਣੇ ਆਪ ਹੀ ਕਰ ਦੇਣੀ ਹੁੰਦੀ ਹੈ।

**? ਤੁਹਾਨੂੰ ਕਿਹੜੇ ਗਾਇਕ ਦਾ ਗੀਤ ਪਸੰਦ ਹੈ?**

- ਜਨਾਬ ਅਨਾਇਤ ਅਲੀ ਖਾਂ ਦਾ ਛੱਲਾ।

**? ਗਾਇਕੀ ਵਿਚ ਤੁਹਾਡੇ ਉਸਤਾਦ ਕੌਣ ਹਨ।**

- ਪੰਡਿਤ ਆਤਮ ਪ੍ਰਕਾਸ਼ ਅਤੇ ਜਨਾਬ ਚਰਨਜੀਤ ਆਹੂਜਾ ਜੀ।

**? ਤੁਹਾਨੂੰ ਆਪਣੀ ਫ਼ਿਲਮ ਵਿਚ ਕਿਹੜਾ ਰੋਲ ਪਸੰਦ ਹੈ।**

- ਵੈਸੇ ਕਲਾਕਾਰ ਤਾਂ ਆਪਣੀ ਸਾਰੀ ਐਨਰਜੀ ਉਸ ਕਰੈਕਟਰ ਤੇ ਲਾ ਦਿੰਦਾ ਹੈ ਤਾਂ ਕਿ ਫ਼ਿਲਮ ਵਿਚਲਾ ਉਸ ਦਾ ਕਿਰਦਾਰ ਦਮਦਾਰ ਹੋਵੇ ਮੈਨੂੰ ਆਪਣੇ ਸਾਰੇ ਹੀ ਰੋਲ ਪਸੰਦ ਹਨ ਚਾਹੇ ਪੰਜਾਬੀ ਫ਼ਿਲਮ ਵਿਚ ਹੋਵੇ ਜਾਂ ਹਿੰਦੀ ਫ਼ਿਲਮ ਵਿਚ।

**? ਅੱਜਕਲ੍ਹ ਬਹੁਤੇ ਗਾਇਕ ਅਤੇ ਗੀਤਕਾਰ ਗਾਉਣ ਅਤੇ ਲਿਖਣ ਪਹਿਲਾਂ ਲੱਗ ਜਾਂਦੇ ਹਨ ਉਸਤਾਦ ਬਾਅਦ ਵਿਚ ਬਣਾਉਂਦੇ ਹਨ।**

- ਇਹੋ ਹੀ ਤਾਂ ਮਾੜੀ ਗੱਲ ਹੈ ਜੇ ਉਸਤਾਦ ਦੀਆਂ ਝਿੜਕਾਂ ਖਾਵੋਗੇ ਤਾਂ ਹੀ ਉਨ੍ਹਾਂ ਕੋਲੋਂ ਕੁਝ ਸਿਖੋਗੇ ਉਸਤਾਦ ਦੀ ਸਾਰੀ ਉਮਰ ਇਹੋ ਕੰਮ ਵਿਚ ਹੀ ਲੰਘੀ ਹੁੰਦੀ ਹੈ ਉਸ ਨੂੰ ਜ਼ਿੰਦਗੀ ਦਾ ਤਜ਼ਰਬਾ ਹੁੰਦਾ ਉਹ ਆਪਣੇ ਤਜ਼ਰਬਿਆਂ ਨੂੰ ਹੀ ਤੁਹਾਡੇ ਨਾਲ ਸਾਂਝੇ ਕਰਦਾ। ਬਾਕੀ ਰਹੀ ਗੀਤਕਾਰ ਵੀਰਾ "ਕੀ ਗੱਲ ਹੁਣ ਤਾਂ ਹਰ ਜਣਾ-ਖਣਾ ਹੀ ਗੀਤਕਾਰ ਬਣਿਆ ਫਿਰਦਾ। ਅਗੇ ਚੰਦ ਕੁ ਬੰਦੇ ਹੁੰਦੇ ਸਨ ਜਿਨ੍ਹਾਂ ਦੇ ਨਾਂ ਰਸੀਦੀ ਟਿਕਟ ਤੇ ਭਾਵੇਂ ਲਿਖ ਲਵੋ। ਲਿਖਣਾ ਚੰਗੀ ਗੱਲ ਹੈ। ਮੀਟਰ ਵਿਚ ਲਿਖੋ। ਕਿੰਨੇ ਸਬਜੈਕਟ ਨੇ ਲਿਖਣ ਲਈ। ਜਿਹੜੇ ਵਿਸ਼ੇ ਤੇ ਮਰਜ਼ੀ ਗੀਤ ਲਿਖ ਲਵੋ ਪਰ ਨਵੀਂ ਪਨੀਰੀ ਤਾਂ ਸਿਰਫ਼ ਇਸ਼ਕ-ਮੁਸ਼ਕ ਤੱਕ ਹੀ ਸੀਮਿਤ ਰਹਿ ਗਈ ਹੈ।

**? ਪੰਜਾਬੀ ਗਾਇਕੀ ਵਿਚ ਦਿਨੋ-ਦਿਨ ਲੱਚਰਤਾ ਭਾਰੂ ਹੋ ਰਹੀ ਹੈ। ਕੀ ਕਹੋਗੇ।**

- ਨੰਗੇਜ਼ ਤਾਂ ਨੰਗੇਜ਼ ਹੈ। ਨੰਗੇਜ਼ ਮੁੱਖ ਦਾ ਵੀ ਮਾੜਾ ਨੰਗੇਜ਼ ਹੋਰ ਸਰੀਰ ਦੇ ਹਿੱਸੇ ਦਾ ਵੀ ਮਾੜਾ। ਸਾਨੂੰ ਸਾਰਿਆਂ ਨੂੰ ਇਹ ਹੰਭਲਾ ਮਾਰਨਾ ਪਊ ਇਕ ਪਲੇਟਫਾਰਮਾ ਤੇ ਇਕੱਠੇ ਹੋਈਏ ਫਿਰ ਪੰਜਾਬ ਦੀ ਗੈਰਤ ਬਚੂ ਨਹੀਂ ਤਾਂ ਗਲੀਆਂ ਵਿਚ ਲੀਰੋ-ਲੀਰ ਹੋਈ ਫਿਰਦੀ ਹੈ ਤੁਸੀਂ ਵੀ ਤਾਂ ਨਿੱਤ ਚੈਨਲਾਂ ਤੇ ਵੇਖਦੇ ਹੀ ਹੋ।

**? ਆਜ਼ਾਦੀ ਦਿਹਾੜੇ ਦੇ ਸੰਬੰਧ ਵਿਚ ਤੁਸੀਂ ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿਚ ਇਕ ਪ੍ਰੋਗਰਾਮ ਕੈਦੀਆਂ ਲਈ ਕੀਤਾ ਸੀ। ਉਥੇ ਤੁਸੀਂ ਢੱਡ 'ਤੇ ਸਾਰੰਗੀ ਨਾਲ ਗਾਇਆ ਕਿਸ ਤਰ੍ਹਾਂ ਮਹਿਸੂਸ ਕੀਤਾ।**

- ਤੁਸੀਂ ਵੇਖਿਆ ਸੀ ਪ੍ਰੋਗਰਾਮ, ਬਸ ਜਿਸ ਤਰ੍ਹਾਂ ਮਾਂ ਕੋਲ ਬੈਠ ਕੇ ਆਪਣੇ ਖੇਤ ਵਾਲੇ ਝੋਨੇ ਦੇ ਚੋਲਾਂ ਨੂੰ ਗੁੜ ਵਿਚ ਰਿਣ ਕੇ ਖਾਧਾ ਹੋਵੇ। ਉਸ ਤਰ੍ਹਾਂ ਦਾ ਜਾਇਕਾ ਆਇਆ ਮਨ ਸੁਆਦ-ਸੁਆਦ ਹੋ ਗਿਆ। ਇਹ ਸਾਜ ਇਕ ਵੱਖਰਾ ਹੀ ਸਕੂਨ ਦਿੰਦੇ ਹਨ।

**? ਹੋਰ ਕੁਝ ਕਹਿਣਾ ਚਾਹੋਗੇ।**

- ਬੱਸ ਮੈਂ ਨਿਮਾਣਾ ਤਾਂ ਕੁਲਵਿੰਦਰ ਇਹੋ ਹੀ ਜੋਦੜੀ ਕਰੂੰਗਾ ਹਮੇਸ਼ਾ ਮਿਲਕੇ ਰਹੂ ਇਹ ਮਾਨਸ ਜਾਤ ਵਾਰ-ਵਾਰ ਨਹੀਂ ਮਿਲਣੀ, ਵੈਰ ਈਰਖਾ ਸਭ ਨੂੰ ਮਨਾਂ ਵਿਚੋਂ ਕੱਢ ਦਿਉ ਪਿਆਰ ਅਤੇ ਸ਼ਾਂਤੀ ਨਾਲ ਜੀਉ ਤੇ ਜੀਣ ਦਿਓ।

ਕੁਲਵਿੰਦਰ ਤਾਰੇਵਾਲਾ
ਮੋ. 94179-77252

Scanned with CamScanner

# ਫਿਲਮ & ਸੰਗੀਤ

## ਪਰਵਾਸੀ ਪੰਜਾਬੀਆਂ ਦੇ ਜੀਵਨ 'ਤੇ ਝਾਤ ਪਾਉਂਦੀ ਉਨ੍ਹਾਂ ਦੀ ਜ਼ਿੰਦਗੀ ਨੂੰ ਪਰਦੇ 'ਤੇ ਪੇਸ਼ ਕਰੇਗੀ ਫ਼ਿਲਮ 'ਏਸ ਜਹਾਨੋਂ ਦੂਰ ਕਿੱਤੇ-ਚਲ ਜਿੰਦੀਏ'



ਪੰਜਾਬੀ ਸਿਨੇਮਾਂ ਹੁਣ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਤੇ ਨਵੇਂ-ਨਵੇਂ ਵਿਸ਼ਿਆਂ ਦੀ ਫਿਲਮਾਂ ਦਰਸ਼ਕਾਂ ਦੀ ਝੋਲੀ ਪਾ ਰਿਹਾ ਹੈ। ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ਿਆਂ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ।ਇਸੇ ਰੁਝਾਨ ਤਹਿਤ 'ਨੀਰੂ ਬਾਜਵਾ ਐਂਟਰਟੇਨਮੈਂਟ' ਅਤੇ 'ਘੈਂਟ ਬੁਆਏਜ ਐਂਟਰਟੇਨਮੈਂਟ' ਬੈਨਰ ਇੱਕ ਵੱਖਰੇ ਵਿਸ਼ੇ ਦੀ ਆਪਣੀ ਨਵੀਂ ਫਿਲਮ 'ਏਸ ਜਹਾਨੋਂ ਦੂਰ ਕਿੱਤੇ-ਚਲ ਜਿੰਦੀਏ' 24 ਮਾਰਚ ਨੂੰ ਦਰਸ਼ਕਾਂ ਦੇ ਰੂ-ਬਰੂ ਕਰਨ ਜਾ ਰਿਹਾ ਹੈ।ਇਸ ਫਿਲਮ ਦੇ ਹਾਲ ਹੀ 'ਚ ਰਿਲੀਜ਼ ਹੋਏ ਸ਼ਾਨਦਾਰ ਟੀਜ਼ਰ ਨੇ ਦਰਸ਼ਕਾਂ ਦੀ ਉਤਸੁਕਤਾ ਨੂੰ ਹੋਰ ਵਧਾ ਦਿੱਤਾ ਹੈ। ਇਸ ਫਿਲਮ ਵਿੱਚ ਨੀਰੂ ਬਾਜਵਾ, ਗੁਰਪ੍ਰੀਤ ਘੁੱਗੀ, ਕੁਲਵਿੰਦਰ ਬਿੱਲਾ, ਜੱਸ ਬਾਜਵਾ, ਅਦਿਤੀ ਸ਼ਰਮਾ ਅਤੇ ਰੁਪਿੰਦਰ ਰੂਪੀ ਨੂੰ ਇੱਕੋਂ ਸਕਰੀਨ ਉੱਤੇ ਇਕੱਠੇ ਨਜ਼ਰ ਆਉਣਗੇ।

ਇਸ ਫਿਲਮ ਨੂੰ ਨਿਰਮਾਤਾ ਹੈਰੀ ਕਾਹਲੋਂ, ਕੁਲਵਿੰਦਰ ਬਿੱਲਾ ਅਤੇ ਸੰਤੋਸ਼ ਸੁਭਾਸ਼ ਥੀਟੇ ਦੁਆਰਾ ਵਲੋਂ ਪ੍ਰੋਡਿਊਜ ਕੀਤਾ ਗਿਆ ਹੈ। ਜਿਵੇਂ ਕਿ ਅਸੀਂ ਟ੍ਰੇਲਰ ਤੋਂ ਦੇਖ ਸਕਦੇ ਹਾਂ ਕਿ ਫਿਲਮ ਕਹਾਣੀ ਦੇ ਉਸ ਹਿੱਸੇ ਨਾਲ ਵਾਕਿਫ਼ ਕਰਾਉਂਦੀ ਹੈ ਜੋ ਆਪਣੇ ਵਤਨ ਅਤੇ ਆਪਣੀ ਮਿੱਟੀ ਨੂੰ ਛੱਡ ਪ੍ਰਦੇਸਾਂ ਵਿੱਚ ਵੱਸ ਰਹੇ ਹਨ। ਇਹ ਲੜਾਈ ਹੋਂਦ ਅਤੇ ਹੱਕਾਂ ਦੀ ਹੈ ਜੋ ਸਾਡੀ ਦੇਸ਼ ਪ੍ਰਤੀ ਪਿਆਰ ਦੀ ਭਾਵਨਾ ਨੂੰ ਦਰਸਾਉਂਦੀ ਹੈ। ਫਿਲਮ ਦੇ ਨਿਰਦੇਸ਼ਕ ਉਦੈ ਪ੍ਰਤਾਪ ਸਿੰਘ ਹਨ ਅਤੇ ਫਿਲਮ ਦੀ ਕਹਾਣੀ ਜਗਦੀਪ ਵੜਿੰਗ ਨੇ ਲਿਖੀ ਗਈ ਹੈ ਜਿਨ੍ਹਾਂ ਨੇ 'ਮਾਂ ਦਾ ਲਾਡਲਾ', 'ਗਲਵੱਕੜੀ', ਅਤੇ 'ਮੈਂ ਤੇ ਬਾਪੂ' ਵਰਗੀਆਂ ਫਿਲਮਾਂ ਦੀ ਬਾਕਮਾਲ ਕਹਾਣੀ ਵੀ ਲਿਖੀ ਸੀ। ਇਸ ਫਿਲਮ ਦਾ ਬੈਕਗਰਾਊਂਡ ਸਕੋਰ ਰਾਜੂ ਸਿੰਘ ਨੇ ਦਿੱਤਾ ਹੈ, ਔਰ ਸੰਗੀਤ ਵੇਹਲੀ ਜਨਤਾ ਰਿਕੌਰਡਸ ਵਲੋਂ ਦਿੱਤਾ ਗਿਆ ਹੈ।

ਆਪਣੀ ਆਉਣ ਵਾਲੀ ਫਿਲਮ ਦੇ ਟ੍ਰੇਲਰ ਨੂੰ ਪੇਸ਼ ਕਰਦੇ ਹੋਏ, ਨਿਰਮਾਤਾ ਹੈਰੀ ਕਾਹਲੋਂ, ਕੁਲਵਿੰਦਰ ਬਿੱਲਾ ਅਤੇ ਸੰਤੋਸ਼ ਸੁਭਾਸ਼ ਥੀਟੇ ਨੇ ਖੁਸ਼ੀ ਜਾਹਿਰ ਕਰਦਿਆਂ ਕਿਹਾ, "ਇਹ ਫਿਲਮ ਦੇਸ਼ ਪ੍ਰਤੀ ਪਿਆਰ ਅਤੇ ਵਿਛੜਨ ਦੇ ਦਰਦ ਨੂੰ ਦਰਸਾਉਂਦੀ ਹੈ। ਸਾਡਾ ਇਸ ਫਿਲਮ ਨੂੰ ਪੇਸ਼ ਕਰਨ ਦਾ ਮਕਸਦ ਇਹ ਹੈ ਕਿ ਦਰਸ਼ਕ ਸਾਡੀ ਫਿਲਮ ਬਣਾਉਣ ਦੇ ਸੱਚੇ ਅਤੇ ਨੇਕ ਇਰਾਦੇ ਨੂੰ ਚੰਗੀ ਤਰ੍ਹਾਂ ਸਮਝ ਸਕਣ। ਸਾਨੂੰ ਉਮੀਦ ਹੈ ਕਿ ਦਰਸ਼ਕ ਸਾਡੀ ਨਵੀਂ ਪੇਸ਼ਕਸ਼ ਨੂੰ ਆਪਣਾ ਭਰਪੂਰ ਪਿਆਰ ਦੇਣਗੇ"।

ਫਿਲਮ ਦੀ ਕਹਾਣੀ ਦੀ ਗੱਲ ਕਰਦਿਆਂ ਨਿਰਦੇਸ਼ਕ ਉਦੈ ਪ੍ਰਤਾਪ ਸਿੰਘ ਦਾ ਕਹਿਣਾ ਹੈ, "ਮੈਂ ਇਸ ਫਿਲਮ ਦੀ ਕਹਾਣੀ ਨੂੰ ਆਪਣੇ ਇੰਨਾ ਕਰੀਬ ਦੇਖਿਆ ਕਿ ਮੈਨੂੰ ਇਹ ਸੱਚ-ਮੁੱਚ ਅਸਲੀ ਕਹਾਣੀ ਲਗਦੀ ਹੈ। ਮੈਨੂੰ ਬਹੁਤ ਹੀ ਖੁਸ਼ੀ ਹੋ ਰਹੀ ਹੈ ਕਿ ਫਿਲਮ ਦੇ ਟੀਜ਼ਰ ਨੂੰ ਦਰਸ਼ਕਾਂ ਨੇ ਆਪਣਾ ਇੰਨਾ ਪਿਆਰ ਦਿੱਤਾ। ਮੈਨੂੰ ਉਮੀਦ ਹੈ ਕਿ ਦਰਸ਼ਕ ਟ੍ਰੇਲਰ ਅਤੇ ਫਿਲਮ ਨੂੰ ਵੀ ਆਪਣਾ ਇੰਨਾ ਪਿਆਰ ਦੇਣਗੇ।" ।

–ਹਰਜਿੰਦਰ ਸਿੰਘ ਮੋ. 94638-28000

ਆਪਣੇ ਪ੍ਰੋਗਰਾਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਤੇ
ਸਿੱਧਾ ਪ੍ਰਸ਼ਾਰਨ / Live Telicast
ਕਰਵਾਉਣ ਲਈ ਸੰਪਰਕ ਕਰੋ!



ਮਹਿਕ ਵਤਨ ਦੀ Web TV
'Mehak Watan Di Live'
Chief Editor: Bhawandeep Singh Purba
Help Line: 9988-92-9988
ਸਾਡੇ ਹੋਰ ਪ੍ਰੋਗਰਾਮ ਵੇਖਣ ਲਈ 'ਮਹਿਕ ਵਤਨ ਦੀ ਲਾਈਵ' ਟੀ.ਵੀ. ਨੂੰ ਸਬਸਕ੍ਰਾਈਬ ਕਰੋ ਜੀ
'ਮਹਿਕ ਵਤਨ ਦੀ ਲਾਈਵ' ਰੋਜ਼ਾਨਾ ਆਨਲਾਈਨ ਅਖ਼ਬਾਰ ਪੜ੍ਹਨ ਲਈ ਕਲਿੱਕ ਕਰੋ: www.mehakwatandilive.com

## ਪੰਜਾਬ ਦੇ ਪਿਛੋਕੜ ਅਤੇ ਅਮੀਰ ਵਿਰਾਸਤ ਦੀ ਪੇਸ਼ਕਾਰੀ ਹੋਵੇਗੀ ਫਿਲਮ 'ਕਣਕਾਂ ਦੇ ਓਹਲੇ'



ਵਧਵਾ ਪ੍ਰੋਡਕਸ਼ਨ ਨੇ ਪਿਛਲੇ ਕਈ ਸਾਲਾਂ ਤੋਂ ਆਪਣੀਆਂ ਸੰਗੀਤਕ ਅਤੇ ਫ਼ਿਲਮੀ ਪੇਸ਼ਕਸ਼ਾਂ ਨਾਲ ਲੱਖਾਂ ਦਰਸ਼ਕਾਂ ਦਾ ਦਿਲ ਜਿੱਤਿਆ ਹੈ। ਵਧਵਾ ਪ੍ਰੋਡਕਸ਼ਨ ਵਲੋਂ ਸੰਗੀਤ ਦੀ ਦੁਨੀਆਂ ਤੋਂ ਫ਼ਿਲਮਾਂ ਵੱਲ ਕਦਮ ਵਧਾਉਂਦਿਆਂ ਹੁਣ ਇੱਕ ਬਹੁਤ ਹੀ ਖ਼ੂਬਸੂਰਤ ਪੰਜਾਬੀ ਫ਼ਿਲਮ 'ਕਣਕਾਂ ਦੇ ਓਹਲੇ' ਲੈ ਕੇ ਆ ਰਹੇ ਹਨ। ਪੰਜਾਬ ਦੇ ਪਿਛੋਕੜ ਅਤੇ ਅਮੀਰ ਵਿਰਾਸਤ ਦੀ ਪੇਸ਼ਕਾਰੀ ਕਰਦੀ ਇਹ ਫ਼ਿਲਮ ਦੀ ਸੂਟਿੰਗ ਇੰਨ੍ਹੀਂ ਦਿਨੀਂ ਪੰਜਾਬ ਅਤੇ ਰਾਜਸਥਾਨ ਇਲਾਕਿਆਂ ਵਿੱਚ ਬੜੇ ਜੋਰਾਂ ਸ਼ੋਰਾ ਨਾਲ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਇਸ ਫ਼ਿਲਮ ਵਿੱਚ ਗੁਰਪ੍ਰੀਤ ਘੁੱਗੀ, ਤਾਨੀਆ ਅਤੇ ਬਾਲ ਕਲਾਕਾਰ ਕਿਸ਼ਟੂ ਕੇ ਅਹਿਮ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਤੇਜਿੰਦਰ ਸਿੰਘ ਵਲੋਂ ਨਿਰਦੇਸ਼ਤ ਕੀਤੀ ਜਾ ਰਹੀ ਇਸ ਫ਼ਿਲਮ ਦਾ ਲੇਖਕ ਗੁਰਜਿੰਦ ਮਾਨ ਹੈ। ਇਸੇ ਸਾਲ 2023 ਵਿੱਚ ਇਹ ਫ਼ਿਲਮ ਪੰਜਾਬੀ ਦਰਸ਼ਕਾਂ ਦਾ ਮਨੋਰੰਜਨ ਕਰੇਗੀ। ਨਿਰਮਾਤਾ ਹਰਸ਼ ਵਧਵਾ ਪੰਜਾਬ ਅਤੇ ਪੰਜਾਬੀਅਤ ਨਾਲ ਜੁੜਿਆ ਹੋਇਆ ਕਲਾਕਾਰ ਹੈ ਜਿਸਨੇ ਹਮੇਸ਼ਾ ਹੀ ਮਿਆਰੀ ਸੰਗੀਤ ਅਤੇ ਵਿਰਾਸਤੀ ਮੋਹ ਨੂੰ ਤਰਜੀਹ ਦਿੰਦੇ ਫ਼ਿਲਮਾਕਣ ਦੀ ਪੇਸ਼ਕਾਰੀ ਕੀਤੀ ਹੈ। ਉਸਦੀ ਇਹ ਫ਼ਿਲਮ ਪੰਜਾਬੀ ਸਿਨਮੇ ਦੀ ਇੱਕ ਮੀਲ ਪੱਥਰ ਫ਼ਿਲਮ ਸਾਬਤ ਹੋਵੇਗੀ। ਇਸ ਫ਼ਿਲਮ ਦਾ ਪੋਸਟਰ ਜਾਰੀ ਕੀਤਾ ਜਾ ਚੁੱਕਿਆ ਹੈ, ਪਰ ਕਹਾਣੀ ਅਜੇ ਸਾਹਮਣੇ ਆਉਣੀ ਹੈ। ਫਿਲਮ ਦੀ ਕਹਾਣੀ ਨੂੰ ਲੈ ਕੇ ਦਰਸ਼ਕ ਪਹਿਲਾਂ ਹੀ ਅੰਦਾਜ਼ੇ ਲਗਾਉਣ ਲੱਗੇ ਹਨ।

ਪੋਸਟਰ 'ਚ ਅਸੀਂ ਦੇਖ ਸਕਦੇ ਹਾਂ ਕਿ ਪਿੰਡ ਦਾ ਮਾਹੌਲ ਹੈ, ਛੋਟੀ ਬੱਚੀ ਅਤੇ ਇੱਕ ਵਿਅਕਤੀ ਦੇ ਵਿਚਕਾਰ ਵਿਸ਼ੇਸ਼ ਬੰਧਨ ਨੂੰ ਦਰਸਾਉਂਦੀ ਸੁੰਦਰ ਤਸਵੀਰ ਹੈ। ਪਰ ਤਸਵੀਰ ਨੂੰ ਦੇਖ ਕੇ ਕਹਾਣੀ ਬਾਰੇ ਕਿਸੇ ਸਿੱਟੇ ਤੇ ਪਹੁੰਚਣਾ ਮੁਸ਼ਕਿਲ ਹੈ। ਇਹ ਫਿਲਮ ਗੁਰਜਿੰਦ ਮਾਨ ਦੁਆਰਾ ਲਿਖੀ ਗਈ ਹੈ ਅਤੇ ਤਜਿੰਦਰ ਸਿੰਘ ਦੁਆਰਾ ਨਿਰਦੇਸ਼ਤ ਕੀਤਾ ਗਿਆ ਹੈ। ਨਿਰਮਾਤਾ ਹਰਸ਼ ਵਧਵਾ ਦੀ ਇਹ ਫ਼ਿਲਮ ਸਾਲ 2023 ਦੇ ਵਿੱਚ ਹੀ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ।

ਹਰਜਿੰਦਰ ਸਿੰਘ ਜਵੰਦਾ। ਮੋ. 94638-28000

* ਅਣ ਲਿਮਟਿਡ ਖ਼ਬਰਾਂ ਅਤੇ ਕਵਰੇਜ।
* ਮਾਸਿਕ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' (ਪ੍ਰੈਂਟ ਐਡੀਸ਼ਨ) ਦੇ ਹਰ ਅੰਕ ਵਿੱਚ ਰੰਗਦਾਰ ਇਸ਼ਤਿਹਾਰ।
* ਰੋਜਾਨਾ ਆਨਲਾਈਨ ਅਖ਼ਬਾਰ 'ਮਹਿਕ ਵਤਨ ਦੀ ਲਾਈਵ' ਵਿੱਚ ਹਰ ਰੋਜ ਪੂਰੇ ਸਫੇ ਦਾ ਰੰਗਦਾਰ ਇਸ਼ਤਿਹਾਰ।
* ਹਰ ਖਾਸ ਪ੍ਰੋਗਰਾਮ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਤੇ ਟੈਲੀਕਾਸਟ।
* 'ਮਹਿਕ ਵਤਨ ਦੀ ਲਾਈਵ' ਸੋਸਲ ਮੀਡੀਆਂ ਸੈੱਲ ਵੱਲੋਂ ਹਰ ਦਿਨ-ਤਿਉਹਾਰ ਅਤੇ ਖਾਸ ਦਿਨ੍ਹਾਂ ਦੀਆਂ ਵਧਾਈਆਂ ਅਤੇ ਸੰਦੇਸ਼ ਦੀਆਂ ਪੋਸਟਾ ਤੁਹਾਡੇ ਨਾਮ ਤੇ ਅਸੀਂ ਸ਼ੋਸਲ ਮੀਡੀਆਂ ਤੇ ਅਪਲੋਡ ਕਰਾਗੇ।
* ਤੁਹਾਡੇ ਖਾਸ਼ ਪ੍ਰੋਗਰਾਮ ਅਤੇ ਖਾਸ ਰੀਵੈਂਟ ਤੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ।

ਉਪਰੋਕਤ ਸਾਰੀਆਂ ਸੇਵਾਵਾਂ ਲੈਣ ਲਈ ਇੱਕ ਵਾਰ ਸਾਡਾ ਫੁੱਲ ਪੈਕੇਜ ਲਵੋ ਅਤੇ ਤਿੰਨ ਸਾਲ ਲਈ ਸਾਡੀਆਂ ਸੇਵਾਵਾ ਪ੍ਰਾਪਤ ਕਰੋ!
ਫੁੱਲ ਪੈਕੇਜ ਲੈਣ ਅਤੇ ਹੋਰ ਜਾਣਕਾਰੀ ਲਈ ਮੇਰੇ ਨਾਲ ਸੰਪਰਕ ਕਰ ਸਕਦੇ ਹੋ।
ਮੁੱਖ ਸੰਪਾਦਕ/ ਡਾਇਰੈਕਟਰ: ਭਵਨਦੀਪ ਸਿੰਘ ਪੁਰਬਾ
ਮਾਸਿਕ ਮੈਗਜੀਨ * ਰੋਜਾਨਾ ਆਨਲਾਈਨ ਅਖ਼ਬਾਰ * ਵੈੱਬ ਟੀ.ਵੀ.
ਮਹਿਕ ਵਤਨ ਦੀ
'Mehak Watan Di Live'
Help Line: 9988-92-9988 * www.mehakwatandilive.com

## ਪੰਜਾਬ ਪੰਜਾਬੀਅਤ ਤੇ ਪੰਜਾਬੀ ਦੇ ਮੁੱਦਈ ਲੋਕਾਂ ਤੋਂ ਹੁੰਗਾਰੇ ਦੀ ਮੰਗ ਕਰਦਾ ਹੈ ਕਿ ਮਨਦੀਪ ਖੁਰਮੀ ਦੇ ਗੀਤ "ਮੈਂ ਪੰਜਾਬ ਬੋਲਦਾ"




ਇੰਗਲੈਂਡ ਵੱਸਦਾ ਮਨਦੀਪ ਖੁਰਮੀ ਬੇਸ਼ਕ ਸ਼ੌਂਕ ਨਾਲ ਹੀ ਗੀਤ ਗਾਉਂਦਾ ਹੈ ਪਰ ਇਸ ਪਿੱਛੇ ਉਸ ਦਾ ਮਨੋਰਥ ਹੁੰਦਾ ਹੈ। ਉਸਨੇ ਪਹਿਲਾਂ ਆਏ ਗੀਤਾਂ ਰਾਹੀਂ ਵੀ ਪੰਜਾਬ ਪੰਜਾਬੀ ਤੇ ਪੰਜਾਬੀਅਤ ਦੀ ਗੱਲ ਕੀਤੀ ਹੈ। ਪੰਦਰਾਂ ਸਾਲ ਤੋ ਇੰਗਲੈਂਡ ਰਹਿ ਰਿਹਾ ਮਨਦੀਪ ਖੁਰਮੀ ਪੰਜ ਦਰਿਆ ਈ ਪੇਪਰ ਤੇ ਟੀਵੀ ਚੈਨਲ ਰਾਹੀਂ ਵੀ ਆਪਣੇ ਸਮੇਂ ਚੋ ਸਮਾਂ ਕੱਢ ਕੇ ਮਾਂ ਬੋਲੀ ਅਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਨੂੰ ਸਮਰਪਿਤ ਯਤਨਸ਼ੀਲ ਸਖਸ਼ੀਅਤ ਹੈ। ਹਥਲਾ ਗੀਤ "ਮੈਂ ਪੰਜਾਬ ਬੋਲਦਾ" ਉਸ ਦਾ ਦਰਦਮੰਦੀ ਦੀਆਂ ਆਹਾਂ ਹਨ ਜੋਕਿ ਪੰਜਾਬ ਦੀ ਹੋਣੀ ਹੈ ਦਰਦਾਂ ਪਿੰਜੇ ਪੰਜਾਬ ਦੀ ਗਾਥਾ ਹੈ। ਪੰਜਾਬ ਦਾ ਮੰਦੜਾ ਹਾਲ ਕਰਨ ਵਾਲੇ ਸ਼ਾਹ ਸਿਆਸੀ ਅਖੌਤੀ ਧਰਮੀ ਹਨ ਪਰ ਹੁਣ ਤੱਕ ਭੁਗਤ ਦਾ ਪੰਜਾਬ ਹੀ ਰਿਹਾ ਹੈ। ਪੰਜਾਬ ਦੇ ਦਰਦਾਂ ਦੀ ਇਬਾਰਤ ਮਨਦੀਪ ਖੁਰਮੀ ਨੇ ਖੁਦ ਲਿਖ ਕੇ ਖੁਦ ਗਾਕੇ ਪੰਜਾਬ ਦੇ ਸਪੂਤਰ ਹੋਣ ਦਾ ਫ਼ਰਜ਼ ਅਦਾ ਕੀਤਾ ਹੈ ਜੋ ਕਿ ਖੁਰਮੀ ਦੀ ਸੁਰੀਲੀ ਰਸੀਲੀ ਅਵਾਜ਼ ਵਧੀਆ ਅਦਾਕਾਰੀ ਅਤੇ ਸੁਰ ਤਾਲ ਦਾ ਸੁਮੇਲ ਹੈ।

ਇਹ ਗੀਤ ਪੰਜਾਬ ਪੰਜਾਬੀਅਤ ਤੇ ਪੰਜਾਬੀ ਦੇ ਮੁੱਦਈ ਲੋਕਾਂ ਤੋਂ ਹੁੰਗਾਰੇ ਦੀ ਮੰਗ ਕਰਦਾ ਹੈ ਕਿ ਮਨਦੀਪ ਖੁਰਮੀ ਦੇ ਗੀਤ ਬਨਾਮ ਪੰਜਾਬ ਦੀ ਆਵਾਜ਼ ਉਸਦੇ ਦਰਦ ਦੇ ਗਲੇਡੂਆਂ, ਹੌਕਿਆਂ ਤੇ ਮਰਦੇ ਚਾਵਾਂ ਨੂੰ ਸਮੂਹ ਪੰਜਾਬੀਆਂ ਦੇ ਰੂਬਰੂ ਕੀਤਾ ਜਾਵੇ ਤਾਂ ਜੋ ਸਮੇਂ ਦੀ ਅਵਾਜ਼ ਸੁਣ ਕੇ ਪੰਜਾਬ ਹਿਤੂ ਹੋਕੇ ਆਪਣਾ ਫ਼ਰਜ਼ ਨਿਭਾਉਣ।

– ਰਾਜਵਿੰਦਰ ਰੌਂਤਾ

## ਕਵੀਸ਼ਰੀ ਲਿਖਣਾ ਮੇਰੇ ਲਈ ਇੱਕ ਮਾਣ ਵਾਲੀ ਗੱਲ ਹੈ -ਸੁਰਜੀਤ ਸੰਧੂ



ਪੰਜਾਬੀ ਗੀਤਕਾਰੀ 'ਚ ਸੁਰਜੀਤ ਸੰਧੂ ਦਾ ਨਾਂ ਕਿਸੇ ਪਹਿਚਾਣ ਦਾ ਮੁਥਾਜ ਨਹੀ ਹੈ। ਅਸਟ੍ਰੇਲੀਆ ਰਹਿੰਦਾ ਸੁਰਜੀਤ ਸੰਧੂ ਗੀਤਕਾਰੀ ਦੇ ਖੇਤਰ ਤੇ ਕਵੀ ਸਭਾਵਾਂ 'ਚ ਇੱਕ ਚਰਚਿਤ ਤੇ ਸਤਿਕਾਰਿਆ ਜਾਣ ਵਾਲਾ ਨਾਂ ਹੈ ਜਿਸ ਨੇ ਅਨੇਕਾਂ ਹਿੱਟ ਗੀਤ ਲਿਖੇ ਹਨ ਜਿੰਨਾਂ ਨੂੰ ਨਵੇ ਪੁਰਾਣੇ ਗਾਇਕਾਂ ਨੇ ਗਾਇਆ ਹੈ। ਹਮੇਸ਼ਾਂ ਸਮੇ ਦੀ ਨਬਜ਼ ਫੜ੍ਹ ਕੇ ਲਿਖਣ 'ਚ ਬੜੀ ਮੁਹਾਰਿਤ ਹਾਸਲ ਸੁਰਜੀਤ ਸੰਧੂ ਨੂੰ ਤੇ ਹੁਣ ਉਹ ਇੱਕ ਪੰਜਾਬੀ ਸਭਿਆਚਾਰ ਦੀ ਵਿਲੱਖਣ ਵੰਨਗੀ ਭਾਵ ਕਵੀਸ਼ਰੀ ਲਿਖ ਕੇ ਫਿਰ ਤੋ ਸੁਰਖੀਆਂ 'ਚ ਹੈ।

ਦੌਧਰ ਵਾਲੇ ਕਵੀਸ਼ਰੀ ਜਥੇ ਦੀ ਅਵਾਜ਼ 'ਚ ਗਾਈ ਤੇ ਸੁਰਜੀਤ ਸੰਧੂ ਦੁਆਰਾ ਲਿਖੀ ਕਵੀਸ਼ਰੀ ਜਲਦੀ ਸਰੋਤਿਆਂ ਦੀ ਕਚਹਿਰੀ 'ਚ ਪੇਸ਼ ਕੀਤੀ ਜਾ ਰਹੀ ਹੈ। ਜਿਸ ਦਾ ਹਾਲ ਹੀ 'ਚ ਸਿਡਨੀ ਅਸਟ੍ਰੇਲੀਆ ਵਿੱਚ ਪੋਸਟਰ ਰਿਲੀਜ ਕੀਤਾ ਗਿਆ ਹੈ। ਜੋ 'ਬਾਬਾ ਬੋਆਏ ਰੈਕਡਜ਼' ਦੇ ਲੇਬਲ ਹੇਠ ਰਿਲੀਜ਼ ਕੀਤੀ ਜਾ ਰਹੀ ਹੈ ।

ਨਿਰਮਾਤਾ ਜੀਤ ਸਿਡਨੀ ਦੁਆਰਾ ਪੇਸ਼ ਕੀਤੀ ਜਾ ਰਹੀ ਸੁਰਜੀਤ ਸੰਧੂ ਦੀ ਇਸ ਕਵੀਸ਼ਰੀ "ਖਾਲਸਾ ਜੀ" ਦਾ ਸੰਗੀਤ ਹਾਰ-ਵੀ ਨੇ ਤਿਆਰ ਕੀਤਾ ਹੈ ਤੇ ਇਸ ਦਾ ਵੀਡੀਉ ਬਚਿੱਤਰ ਦੌਧਰ ਨੇ ਫਿਲਮਾਇਆ ਹੈ। ਇਸ ਮੌਕੇ ਬੁਹਤ ਸਾਰੀਆਂ ਪ੍ਰਮੁੱਖ ਸ਼ਖਸ਼ੀਅਤਾਂ ਹਾਜਿਰ ਹੋਈਆਂ, ਜਿੰਨਾਂ 'ਚ ਪ੍ਰੋਡਿਊਸਰ ਜੀਤ ਸਿਡਨੀ, ਕੇ ਪੀ ਦੌਧਰ (ਗਾਇਕ), ਡਿੰਪੀ ਸੰਧੂ (ਖੇਡ ਪ੍ਰਮੋਟਰ) ਤੋਂ ਇਲਾਵਾ ਹੋਰ ਕਈ ਸ਼ਖਸ਼ੀਅਤਾਂ ਹਾਜ਼ਰ ਹੋਈਆਂ।

– ਮਨਜੀਤ ਸਿੰਘ ਸਜਾਂ

Scanned with CamScanner

# ਭੰਗੜਾ ਪ੍ਰਮੋਟਰ ਗੁਰਸੇਵਕ ਸਿੰਘ ਪੁਰਬਾ ਅਤੇ ਪ੍ਰੀਵਾਰ ਨੂੰ ਸ਼ੁੱਭ ਵਿਧਾਇਗੀ

## 22 ਜੁਲਾਈ ਨੂੰ ਐਵਸਫੋਰਡ ਆਰਟ ਸੈਂਟਰ ਕੈਨੇਡਾ ਵਿਖੇ ਹੋਣਗੇ ਭੰਗੜਾ ਮੁਕਾਬਲੇ





ਮੋਗਾ/ (ਮਵਦੀਲਾ ਬਿਓਰੋ) ਕੈਨੇਡਾ ਦੇ ਭੰਗੜਾ ਪ੍ਰਮੋਟਰ ਗੁਰਸੇਵਕ ਸਿੰਘ ਪੁਰਬਾ ਜੋ ਪਿਛਲੇ ਦੋ ਮਹੀਨਿਆ ਤੋਂ ਆਪਣੇ ਪ੍ਰੀਵਾਰ ਨਾਲ ਪੰਜਾਬ ਆਏ ਹੋਏ ਸਨ, ਨੂੰ ਪਿਛਲੇ ਦਿਨੀ ਵਾਪਿਸ ਆਪਣੀ ਕਰਮ ਭੂੰਮੀ ਕੈਨੇਡਾ ਜਾਣ ਤੇ ਸ਼ੁੱਭ ਵਿਦਾਇਗੀ ਦਿੱਤੀ ਗਈ। ਗੁਰਸੇਵਕ ਸਿੰਘ ਪੁਰਬਾ, ਗਗਨਦੀਪ ਕੌਰ ਪੁਰਬਾ, ਬੇਬੀ ਰਸਲੀਨ ਕੌਰ ਪੁਰਬਾ ਅਤੇ ਪਾਲਮਵੀਰ ਸਿੰਘ ਪੁਰਬਾ ਨੇ ਪਿੰਡ ਖੁਖਰਾਣਾ ਵਿਖੇ ਸੰਤ ਬਾਬਾ ਹੀਰਾ ਸਿੰਘ ਜੀ ਦੀ ਪਵਿੱਤਰ ਧਰਤੀ ਗੁਰਦੁਆਰਾ ਬਾਬਾ ਹੀਰਾ ਸਿੰਘ ਜੀ ਦੇ ਸੇਵਾਦਾਰ ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਵਾਲਿਆ ਤੋਂ ਆਸ਼ੀਰਵਾਦ ਲੈ ਕੇ ਵਾਪਿਸੀ ਕੀਤੀ। ਪ੍ਰਬੰਧਕ ਕਮੇਟੀ ਵੱਲੋਂ ਤਾਰਾ ਸਿੰਘ ਪੁਰਬਾ ਅਤੇ ਭਵਨਦੀਪ ਸਿੰਘ ਪੁਰਬਾ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਪਿੰਡ ਖੁਖਰਾਣਾ ਤੋਂ ਰਵਾਨਾ ਕੀਤਾ। ਦਿੱਲੀ ਏਅਰਪੋਰਟ ਤੋਂ ਗੁਰਸੇਵਕ ਸਿੰਘ ਪੁਰਬਾ, ਗਗਨਦੀਪ ਕੌਰ ਪੁਰਬਾ, ਰਸਲੀਨ ਕੌਰ ਪੁਰਬਾ 'ਰੀਤ' ਅਤੇ ਪਾਲਮਵੀਰ ਸਿੰਘ ਪੁਰਬਾ ਨੂੰ ਏਕਮਜੋਤ ਸਿੰਘ ਪੁਰਬਾ, ਉਮੰਗਦੀਪ ਕੌਰ ਪੁਰਬਾ, ਭਾਗਵੰਤੀ ਅਤੇ ਭਵਨਦੀਪ ਸਿੰਘ ਪੁਰਬਾ ਵੱਲੋਂ ਸ਼ੁੱਭ ਵਿਦਾਇਗੀ ਦੇ ਕੇ ਆਪਣੀ ਕਰਮ ਭੂੰਮੀ ਕੈਨੇਡਾ ਲਈ ਰਵਾਨਾ ਕੀਤਾ ਗਿਆ।

ਜਿਕਰਯੋਗ ਹੈ ਕਿ ਗੁਰਸੇਵਕ ਸਿੰਘ ਪੁਰਬਾ ਹਰ ਸਾਲ ਕੈਨੇਡਾ ਵਿਖੇ ਬਹੁੱਤ ਵੱਡੇ ਪੱਧਰ ਤੇ ਭੰਗੜਾ ਕੰਪੀਟੀਸ਼ਨ ਕਰਵਾਉਦੇ ਹਨ। ਉਸ ਦੀਆਂ ਪੰਜਾਬੀ ਵਿਰਾਸਤ ਅਤੇ ਪੰਜਾਬੀ ਸਾਹਿਤ ਦੀਆਂ ਗਤੀਵਿਧੀਆ ਬੇ-ਮਸਾਲ ਹਨ। ਐਤਕੀ 22 ਜੁਲਾਈ ਨੂੰ ਐਵਸਫੋਰਡ ਆਰਟ ਸੈਂਟਰ ਕੈਨੇਡਾ ਵਿਖੇ ਭੰਗੜਾ ਮੁਕਾਬਲੇ ਕਰਵਾਏ ਜਾ ਰਹੇ ਹਨ। ਗੁਰਸੇਵਕ ਸਿੰਘ ਪੁਰਬਾ ਸ਼ੁਰੂ ਤੋਂ 'ਮਹਿਕ ਵਤਨ ਦੀ ਲਾਈਵ' ਬਿਓਰੋ ਨਾਲ ਜੁੜਿਆ ਹੋਇਆ ਹੈ ਅਤੇ ਉਹ ਕੈਨੇਡਾ ਵਿੱਚ 'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਵਿਸ਼ੇਸ਼ ਪ੍ਰਤੀਨਿਧਤਾ ਕਰ ਰਿਹਾ ਹੈ।

## ਪੰਜਾਬੀ ਗੀਤਕਾਰ ਸਭਾ ਮੋਗਾ ਵੱਲੋਂ ਐਨ.ਆਰ.ਆਈ. ਗੁਰਸੇਵਕ ਸਿੰਘ ਪੁਰਬਾ ਦਾ ਵਿਸ਼ੇਸ਼ ਸਨਮਾਨ




ਮੋਗਾ / (ਭਾਗਵੰਤੀ) ਪਿਛਲੇ ਹਫਤਿਆ ਦੌਰਾਨ ਪੰਜਾਬੀ ਗੀਤਕਾਰ ਸਭਾ ਇਕਾਈ ਮੋਗਾ ਵੱਲੋਂ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਮਾਂ-ਬੋਲੀ ਦਾ ਸਪੂਤ ਪੰਜਾਬੀ ਲੋਕ ਗਾਇਕ ਐਨ.ਆਰ.ਆਈ. ਗੁਰਸੇਵਕ ਸਿੰਘ ਪੁਰਬਾ ਮੁੱਖ ਤੌਰ ਤੇ ਹਾਜਰ ਹੋਇਆ। ਇਸ ਸਮਾਗਮ ਵਿੱਚ ਸਮੂਲੀਅਤ ਕਰਨ ਤੇ ਗੁਰਸੇਵਕ ਸਿੰਘ ਪੁਰਬਾ ਨੂੰ ਪੰਜਾਬੀ ਵਿਰਾਸਤ ਅਤੇ ਪੰਜਾਬੀ ਸੱਭਿਆਚਾਰ ਦੀ ਪ੍ਰਫੁਲਤਾ ਵਿੱਚ ਅਹਿਮ ਯੋਗਦਾਨ ਪਾਉਣ ਲਈ ਪੰਜਾਬੀ ਗੀਤਕਾਰ ਸਭਾ ਮੋਗਾ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆ ਗਾਇਕ ਡਾ. ਬਲਜੀਤ ਸਿੰਘ ਨੇ ਕਿਹਾ ਕਿ ਐਨ.ਆਰ.ਆਈ. ਗੁਰਸੇਵਕ ਸਿੰਘ ਪੁਰਬਾ ਵਧਾਈ ਦਾ ਪਾਤਰ ਹੈ ਜਿਸ ਨੇ ਕੈਨੇਡਾ ਵਿੱਚ ਰਹਿੰਦੀਆਂ ਹੋਇਆ ਵੀ ਉਡੇ ਤੇ ਜੁੜੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਆਪਣੇ ਬੱਚਿਆ ਨੂੰ ਪੰਜਾਬੀ ਵਿਰਸੇ, ਪੰਜਾਬੀ ਪਹਿਰਾਵੇ ਅਤੇ ਪੰਜਾਬੀ ਬੋਲੀ ਨਾਲ ਪੂਰੀ ਤਰ੍ਹਾਂ ਜੋੜ ਕੇ ਰੱਖਿਆ ਹੈ। ਇਸ ਮੌਕੇ ਪੰਜਾਬੀ ਗੀਤਕਾਰ ਸਭਾ ਮੋਗਾ ਵੱਲੋਂ ਉਨ੍ਹਾਂ ਦੇ ਨਾਲ ਮੁੱਖ ਤੌਰ ਤੇ ਹਾਜਰ ਹੋਏ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਇਸ ਸਮਾਗਮ ਵਿੱਚ ਗੁਰਸੇਵਕ ਸਿੰਘ ਪੁਰਬਾ, ਭਵਨਦੀਪ ਸਿੰਘ ਪੁਰਬਾ, ਗਾਇਕ ਡਾ. ਬਲਜੀਤ ਮੋਗਾ, ਅਦਾਕਾਰ ਮਨਿੰਦਰ ਮੋਗਾ, ਕਾਕਾ ਮੱਲੇਆਣਾ, ਗੀਤਕਾਰ ਗੋਲੂ ਕਾਲੇਕੇ, ਜਿੰਦਰ ਰਣੀਆਂ, ਜਸਵਿੰਦਰ ਸ਼ਿੰਦਾ, ਕੁਲਵੰਤ ਸਿੰਘ ਕਲਸੀ, ਵਰਿੰਦਰ ਸਿੰਘ ਭਿੰਡਰ, ਗੀਤਕਾਰ ਸੋਨੀ ਮੋਗਾ ਆਦਿ ਮੁੱਖ ਤੌਰ ਤੇ ਹਾਜਰ ਸਨ।

CLASSIFIED ADVT. / ਕਲਾਸੀਫਾਈਡ ਇਸ਼ਤਿਹਾਰ

ਪਲਾਟ ਵਿਕਾਊ

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।

ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ

ਸੰਪਰਕ ਕਰੋ: 98141-21463

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988

# ਤਸਵੀਰਾਂ ਬੋਲਦੀਆਂ



'ਕਿਸਾਨ ਬਾਜਾਰ' ਦਾਣਾ ਮੰਡੀ ਮੋਗਾ ਵਿਖੇ 'ਮਹਿਕ ਵਤਨ ਦੀ ਲਾਈਵ' ਮੈਗਜੀਨ ਦਾ ਮਾਰਚ ਅੰਕ ਲੋਕ ਅਰਪਣ ਕਰਦੇ ਹੋਏ ਡਾ. ਰਵੀ ਸ਼ਰਮਾਂ, ਲੇਖਕ ਹਰਨੇਕ ਰੋਡੇ, ਸੁਖਦੇਵ ਸਿੰਘ ਬਰਾੜ, ਗੁਰਸੇਵਕ ਸਿੰਘ ਸੰਨਿਆਸੀ, ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਮਹਿੰਦਰਪਾਲ ਲੂੰਬਾ ਅਤੇ ਹੋਰ।



ਮੋਗਾ ਨੈਸਲੇ ਫੈਕਟਰੀ ਦੇ ਨੇੜੇ ਨਹਿਰ ਦੇ ਦੋਨੋ ਪਾਸੇ ਵੈਲਡੇਡ ਜਾਲ ਲਗਾਉਣ ਦੇ ਕੰਮ ਦੇ ਨੀਹ ਰੱਖਣ ਸਮੇਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਨਾਲ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਰੂਰਲ ਐਨ.ਜੀ.ਓ. ਦੇ ਸਿਟੀ ਪ੍ਰਧਾਨ ਸੁਖਦੇਵ ਸਿੰਘ ਬਰਾੜ, ਮੈਡਮ ਕਮਲਜੀਤ ਕੌਰ ਮੋਗਾ (ਜਿਲ੍ਹਾ ਪ੍ਰਧਾਨ: ਆਮ ਆਦਮੀ ਪਾਰਟੀ ਮਹਿਲਾ ਵਿੰਗ, ਮੋਗਾ), ਕੌਂਸਲਰ ਗੁਰਪ੍ਰੀਤ ਸਿੰਘ ਸੱਚਦੇਵਾ, ਕੌਂਸਲਰ ਬਲਜੀਤ ਸਿੰਘ ਚਾਨੀ, ਕੌਂਸਲਰ ਅਰਵਿੰਦਰ ਸਿੰਘ ਹੈਪੀ ਕਾਨਪੁਰੀਆਂ, ਆਪ ਆਗੂ ਹਰਜਿੰਦਰ ਸਿੰਘ ਰੋਡੇ ਅਤੇ ਹੋਰ ਪਤਵੰਤੇ ਮੁੱਖ ਤੌਰ ਤੇ ਹਾਜਰ ਸਨ।



ਸੱਚਖੰਡ ਵਾਸੀ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੇ ਸਭ ਤੋਂ ਖਾਸ ਸੇਵਕ ਭਾਈ ਹਰਪ੍ਰੀਤ ਸਿੰਘ 'ਡੋਨੀ' ਚੜਿੱਕ ਨੂੰ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਇੱਕ ਪ੍ਰੋਗਰਾਮ ਦੌਰਾਨ ਸਨਮਾਨਿਤ ਕਰਦੇ ਹੋਏ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਉਨ੍ਹਾਂ ਦੇ ਨਾਲ ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ, ਆਮ ਆਦਮੀ ਪਾਰਟੀ ਮੋਗਾ ਦੇ ਪ੍ਰਧਾਨ ਹਰਮਨਜੀਤ ਸਿੰਘ ਦੀਦਾਰੇਵਾਲਾ ਅਤੇ ਹੋਰ ਪਤਵੰਤੇ।



ਵਿਧਵਾ ਜਰੂਰਤਮੰਦ ਔਰਤਾਂ ਨੂੰ ਸਰਬੱਤ ਦਾ ਭਲਾ ਟਰੱਸਟ ਮੋਗਾ ਵੱਲੋਂ ਦਿੱਤੀਆਂ ਜਾਦੀਆਂ ਪੈਨਸ਼ਨਾ ਦੇ ਚੈੱਕ ਸੋਪਦੇ ਹੋਏ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਅਤੇ ਟਰੱਸਟੀ ਮੈਂਬਰਜ।



ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ 'ਸਰਬੱਤ ਦਾ ਭਲਾ ਟਰੱਸਟ' ਦੇ ਦਫਤਰ ਵਿਖੇ ਪਹੁੰਚਣ ਤੇ ਉਨ੍ਹਾਂ ਦਾ ਸਵਾਗਤ ਕਰਦੀਆਂ ਹੋਈਆਂ ਟਰੱਸਟ ਦੀਆਂ ਵਿਦਿਆਰਥਨਾ ਅਤੇ ਟਰੱਸਟੀ ਮੈਂਬਰਜ।

Scanned with CamScanner

# ਮਾਂ ਬੋਲੀ ਦੀ ਚੜ੍ਹਾਈ ਅਸੀਂ ਜਾਂਦੇ ਖੂੰਜੇ ਲਾਈ

– ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



ਪੰਜਾਬ ਇਕ ਅਜਿਹਾ ਖਿੱਤਾ ਹੈ, ਜਿਸ ਵਿਚ ਪੰਜਾਬੀ ਨੂੰ ਬੋਲਣ ਵਾਲੇ ਹੀ ਇਸ ਤੋਂ ਨਾਬਰ ਹੋ ਰਹੇ ਹਨ। ਜਿਵੇਂ ਰਿਸ਼ਤਿਆਂ ਵਿਚ ਨਿਘਾਰ ਆ ਗਿਆ ਹੈ ਬੱਚਿਆਂ ਨੂੰ ਮਾਂ ਬੋਲੀ ਸਿਖਾਉਣ ਵਾਲੇ, ਉਂਗਲ ਫੜ ਕੇ ਤੋਰਨਾ ਸਿਖਾਉਣ ਵਾਲੇ ਮਾਪੇ ਬਿਰਧ ਘਰਾਂ ਵਿਚ ਦੂਸਰਿਆਂ ਦੇ ਮੁਥਾਜ ਹੋ ਕੇ ਰਹਿ ਗਏ ਹਨ। ਉਹ ਆਪਣੇ ਹੀ ਵਾਰਸਾਂ ਦੇ ਉਦਰੇਵੇਂ ਕਾਰਨ ਉਦਾਸ ਤੇ ਬੇਪਛਾਣ ਹੋ ਜਾਂਦੇ ਹਨ ਉਸੇ ਤਰ੍ਹਾਂ ਮਾਂ ਬੋਲੀ ਪੰਜਾਬੀ ਵੀ ਸਾਡੀ ਬੇ-ਨਿਰਾਜਗੀ ਕਾਰਨ ਮੁਥਾਜਗੀ ਹੰਢਾ ਰਹੀ ਹੈ। ਪੰਜਾਬੀ ਦੀ ਮਹਾਨਤਾ ਬਾਰੇ, ਇਸਨੂੰ ਗੁਰੂ ਪੀਰਾਂ, ਦਰਵੇਸ਼ਾਂ ਤੇ ਸੂਰਮਿਆਂ ਦੀ ਅਣਖੀਲੀ ਬੋਲੀ ਹੋਣ ਦਾ ਵਰਦਾਨ ਸਮਝ ਕੇ ਜਦ ਅਸੀਂ ਬੋਲਦੇ ਹਾਂ ਤਾਂ ਇੰਜ ਲਗਦੈ ਜਿਵੇਂ ਆਪਣੇ ਆਪ ਨਾਲ ਝੂਠ ਬੋਲ ਰਹੇ ਹੋਈਏ। ਜਿਵੇਂ ਚੋਰ ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦਾ ਬਿਲਕੁਲ ਪੰਜਾਬੀ ਬੋਲਣ ਵਾਲੇ ਵੀ ਇਸ ਭਾਸ਼ਾ ਪ੍ਰਤੀ ਅਪਣਾਈ ਬੇ-ਰੁਖੀ ਨੂੰ ਮੰਨਣ ਦੀ ਥਾਂ ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦੇ।

ਪੰਜਾਬੀਆਂ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਹ ਬਹਾਦਰੀ ਨਾਲ ਇਤਿਹਾਸ ਤਾਂ ਸਿਰਜਣਾ ਜਾਣਦੇ ਹਨ ਪਰ ਇਤਿਹਾਸ ਸੰਭਾਲਣਾ ਨਹੀਂ ਜਾਣਦੇ। ਇਹ ਸਥਿਤੀ ਇਸ ਮੋੜ ਤੇ ਪਹੁੰਚ ਚੁੱਕੀ ਹੈ ਕਿ ਅਸੀਂ ਪੰਜਾਬੀ ਮਾਂ ਬੋਲੀ ਨੂੰ ਸੰਭਾਲਣ ਤੋਂ ਵੀ ਇਨਕਾਰੀ ਹੋ ਰਹੇ ਹਾਂ। ਸਾਡੀ ਮਾਂ ਬੋਲੀ ਬਹੁਤ ਹੀ ਉੱਚੇ-ਸੁੱਚੇ ਕਿਰਦਾਰ ਵਾਲੀ ਸੀ। ਜਿਸ ਨੂੰ ਬਾਬਾ ਫ਼ਰੀਦ ਦੇ ਸ਼ਲੋਕਾਂ ਨੇ ਗੁਰਬਾਣੀ ਨੇ ਇਸ ਨੂੰ ਪਵਿੱਤਰਤਾ ਦਾ ਬਾਣ ਬਖਸ਼ਿਆ ਜੋ ਅੱਜ ਲੱਚਰ ਸ਼ਬਦਾਂ ਨਾਲ ਲੀਰੋ ਲੀਰ ਹੋ ਰਿਹਾ ਹੈ ਤੇ ਅਸੀਂ ਆਪਣੀ ਮਾਂ ਬੋਲੀ ਦੇ ਜਿਸਮ ਦੇ ਅਣਖਾਂ ਭਰੇ ਸ਼ਬਦਕੋਸ਼ ਦੇ ਵਸਤਰਾਂ ਨੂੰ ਲੱਚਰ ਸ਼ਬਦਾਂ ਵਾਲੇ ਅਨੈਤਿਕ ਸ਼ਬਦਾਂ ਨਾਲ ਸ਼ਰਮਸ਼ਾਰ ਹੋ ਕੇ ਨੱਚ ਰਹੇ ਹਾਂ ਜਿਵੇਂ ਅਬਦਾਲੀ ਵਰਗੇ ਸਾਡੀਆਂ ਮਾਂਵਾਂ ਭੈਣਾਂ ਨੂੰ ਬਾਂਧਾਂ ਬਣਾ ਕੇ ਉਹਨਾਂ ਦੇ ਤਨ ਦੇ ਕੱਪੜਿਆਂ ਨੂੰ ਲੀਰੋ ਲੀਰ ਕਰਕੇ ਖਿੱਲੀ ਉਡਾਉਂਦੇ ਸਨ। ਉਸ ਸਮੇਂ ਅਜਿਹੀਆਂ ਦਰੋਪਤੀਆਂ ਦੇ ਨੰਗੇ ਤਨ ਢੱਕਣ ਲਈ ਕੋਈ ਕ੍ਰਿਸ਼ਨ ਨਹੀਂ ਸੀ ਬਹੁੜਦਾ ਸਗੋਂ ਪੰਜਾਬੀਅਤ ਦੀ ਅਣਖ ਵਾਲੇ ਸਿੰਘ ਬਹੁੜਦੇ ਸਨ। ਅੱਜ ਅਸੀਂ ਮਾਂ ਬੋਲੀ ਦੇ ਅਣਖ ਭਰਭੂਰ ਬੋਲਾਂ ਦੇ ਵਸਤਰਾਂ ਨੂੰ ਲੱਚਰਤਾ ਦੇ ਚਿੱਕੜ 'ਚ ਲਿਬੇੜ ਕੇ ਪਤਾ ਨਹੀਂ ਮਾਂ ਬੋਲੀ ਦੀ ਕਿਹੜੀ ਸੇਵਾ ਕਰ ਰਹੇ ਹਾਂ? ਮਾਂ ਆਪਣੇ ਧੀਆਂ ਪੁੱਤਰਾਂ ਨੂੰ ਖੇੜੇ ਵਿਚ ਆ ਕੇ ਨੱਚਣ ਟੱਪਣ ਤੋਂ ਮਨ੍ਹਾਂ ਨਹੀਂ ਕਰਦੀ ਸਗੋਂ ਤਮੀਜ ਤੇ ਤਹਿਜੀਬ ਦੇ ਦਾਇਰੇ ਵਿਚ ਰਹਿ ਕੇ ਲੋਰੀਆਂ, ਘੋੜੀਆਂ, ਸੁਹਾਗ ਤੇ ਪੁੱਤਰਾਂ ਦੀ ਮੌਤ ਦੇ ਵਿਛੋੜੇ ਨੂੰ ਵੈਣਾਂ ਵਿਚ ਤੋਰਦੀ ਹੈ। ਕੀ ਮਾਂ ਬੋਲੀ ਦੀਆਂ ਇਹਨਾਂ ਵੰਨਗੀਆਂ 'ਚ ਲੱਚਰਤਾ ਹੈ। ਬੁੱਲ੍ਹਾਂ ਤੇ ਕਿਹੋ ਜਿਹੇ ਗੀਤ ਹਨ। ਮੈਂ ਉਹ ਸੁਣ ਕੇ ਉਸ ਦੇਸ਼ ਦਾ ਕੌਮ ਦਾ ਭਵਿੱਖ ਦੱਸ ਸਕਦਾ ਹਾਂ।

ਕਿਸੇ ਪੰਜਾਬੀ ਨੇ ਭਾਈ ਕਾਹਨ ਸਿੰਘ ਨਾਭਾ ਦਾ ਸ਼ਬਦਕੋਸ਼ ਨਹੀਂ ਪੜ੍ਹਿਆ ਹੋਣਾ। ਤੇ ਹਾਂ ਔਕਸਫੋਰਡ ਦੀਆਂ ਡਿਕਸ਼ਨਰੀਆਂ ਜ਼ਰੂਰ ਘਰਾਂ 'ਚ ਸਜਾ ਕੇ ਰੱਖੀਆਂ ਹਨ। ਹੋਰ ਤਾਂ ਹੋਰ ਸਾਡੇ ਪੰਜਾਬੀਆਂ ਦਾ ਨਾਮਕਰਨ (ਰੋਮੀ, ਸੋਨੀ, ਬੰਟੀ, ਟੋਨੀ, ਪਿੰਕੀ ਆਦਿ) ਦਾ ਅੰਗਰੇਜ਼ੀਕਰਨ ਹੋ ਚੁੱਕਾ ਹੈ। ਜਦੋਂ ਵਿਦੇਸ਼ੀਆਂ ਦੇ ਹਮਲੇ ਸਮੇਂ ਜਾਂ 1947 ਦੇ ਕਤਲੇਆਮ ਤੋਂ ਬਚਣ ਲਈ ਨਾਮ ਬਦਲ ਲਏ ਗਏ, ਧਰਮ ਬਦਲ ਲਏ ਗਏ ਤਾਂ ਜੀਵਨ ਜਾਚ, ਅਹਾਰ, ਢੰਗ-ਤਰੀਕੇ, ਸਲੀਕੇ ਤੇ ਵਿਵਹਾਰ ਵੀ ਬਦਲ ਗਏ। ਇਸੇ ਤਰ੍ਹਾਂ ਦਾ ਰੰਗ ਢੰਗ ਸਾਡੇ ਆਉਣ ਵਾਲੇ ਪੰਜਾਬੀਆਂ ਦੇ ਨਾਵਾਂ ਦਾ ਰੰਗ ਢੰਗ ਦਿਖਾਵੇਗਾ। ਅੰਮਾ ਹਰਨਾਮ ਕੌਰ ਜਾਂ ਬਾਬਾ ਬਖਤੌਰ ਸਿੰਘ ਕਹਿਣ ਤੇ ਮੂੰਹ ਭਰ ਜਾਂਦਾ ਹੈ ਤੇ ਇਕ ਦਰਵੇਸ਼ ਤੇ ਬਿਰਧ ਹੱਥਾਂ ਦੀ ਪਵਿੱਤਰ ਛੋਹ ਸਾਡੀ ਕੰਡ ਪਲੋਸਦੀ ਹੈ। ਕੀ ਇਹ ਅਹਿਸਾਸ ਅੰਮਾਂ ਪਿੰਕ ਜਾਂ ਸਵੀਟੀ ਦੇ ਬਿਰਧ ਹੱਥਾਂ 'ਚੋਂ ਮਿਲੇਗਾ? ਕੀ ਇਹ ਦਰਵੇਸ਼ ਸਖ਼ਸ਼ੀਅਤ ਦਾ ਝਲਕਾਰਾ ਰੋਮੀ, ਬੰਟੀ, ਟੋਨੀ ਬਣੇ ਬਜ਼ੁਰਗਾਂ 'ਚੋਂ ਮਿਲੇਗਾ?

ਕਿਸੇ ਵੀ ਕੌਮ ਦਾ ਕਿਰਦਾਰ ਉਸ ਕੌਮ ਦੀ ਮਾਂ ਬੋਲੀ, ਇਤਿਹਾਸ ਅਤੇ ਸਾਹਿਤ ਸਿਰਜਦਾ ਹੈ। ਅਜੋਕੇ ਸਮੇਂ ਇਹ ਸਾਰੀਆਂ ਕੰਧਾਂ ਟੋਡਰ ਮੱਲ ਦੀ ਹਵੇਲੀ ਵਾਂਗ ਖੰਡਰ ਬਣਨ ਵੱਲ ਵਧ ਰਹੀਆਂ ਹਨ। ਸੋਨੀ, ਟੋਨੀ ਤੇ ਰੋਮੀ ਵਰਗੇ ਨਵੇਂ ਉੱਠੇ ਬਾਬਿਆਂ ਜਾਂ ਕੀਰਤਨੀਆਂ ਦੇ ਆਲੀਸ਼ਾਨ ਧੌਲਰ ਉਸਰ ਰਹੇ ਹਨ। ਜੋ ਗੁਰੂ ਸਾਹਿਬਾਨਾਂ ਦੀ ਬਾਣੀ ਦੀ ਤਜ਼ਾਰਤ ਕਰਦੇ ਸਮੇਂ ਇਹ ਵੀ ਭੁੱਲ ਜਾਂਦੇ ਹਨ ਕਿ ਕੀ ਗੁਰੂ ਜਾਂ ਗੁਰੂ ਸਾਹਿਬਾਨ ਵੇਚਿਆ ਜਾ ਸਕਦਾ ਹੈ। ਜਾਂ ਕੀ ਇਹ ਖਰੀਦਿਆ ਜਾ ਸਕਦਾ ਹੈ। ਜਵਾਬ ਕਿਸੇ ਕੋਲ ਨਹੀਂ ਪਰ ਇਹ ਵਰਤਾਰਾ ਬਿਲਕੁਲ ਉਸੇ ਤਰ੍ਹਾਂ ਪੈਸੇ ਦੀ ਉਂਗਲ ਤੇ ਨੱਚ ਰਿਹਾ ਹੈ ਜਿਵੇਂ ਨਵੇਂ ਗਾਇਕਾਂ ਦੇ ਪੰਜਾਬੀਅਤ ਦੇ ਦਿਮਾਗਾਂ ਵਿਚ ਕੈਂਸਰ ਦੇ ਕੀਟਾਣੂਆਂ ਵਾਂਗ ਇਖਲਾਕੀ ਮੌਤ ਵੱਲ ਧਕੇਲਣ ਵਾਲੇ ਸ਼ਬਦ ਪਾਏ ਜਾ ਰਹੇ ਹਨ ਤੇ ਚੈਨਲਾਂ ਰਾਹੀਂ ਤੇ ਹੋਰ ਸੰਚਾਰ ਸਾਧਨਾਂ ਰਾਹੀਂ ਵੇਚੇ ਜਾ ਰਹੇ ਹਨ ਤੇ ਸਿਆਸਤਦਾਨ ਰੋਮ ਸੜਦਾ ਰਿਹਾ ਤੇ ਨੀਰੋ ਬੰਸਰੀ ਵਜਾਉਂਦਾ ਰਿਹਾ ਵਾਲੀ ਭੂਮਿਕਾ ਨਿਭਾ ਰਹੇ ਹਨ। ਸੂਰ ਗੰਦਗੀ ਵਿਚ ਪਲਦਾ ਹੈ ਤੇ ਸਿਆਸਤਦਾਨਾਂ ਦੀ ਚੌਧਰ, ਭ੍ਰਿਸ਼ਟਾਚਾਰ, ਸਕੈਂਡਲਾਂ, ਅਨਪੜ੍ਹਤਾ, ਅੰਧ ਵਿਸ਼ਵਾਸ਼ਾਂ, ਗਰੀਬੀ, ਬੇਰੁਜ਼ਗਾਰੀ ਤੇ ਨਸ਼ਿਆਂ ਦੇ ਚਿੱਕੜ ਵਿਚ ਟਿਕੀ ਹੋਈ ਹੈ। ਗੁਰੂ ਘਰ ਦੇ ਕਿਸੇ ਵੀ ਮਾਇਆ ਪੱਲੇ ਬੰਨ੍ਹ ਕੇ ਤੁਰਨ ਵਾਲੇ ਪ੍ਰਚਾਰਕ ਨੂੰ, ਕਥਾਵਾਚਕ ਨੂੰ ਗੁਰਮੁਖੀ ਬੋਲੀ ਦੀ ਹੋ ਰਹੀ ਇਸ ਤੌਹੀਨ ਬਾਰੇ ਕਦੇ ਮੂੰਹ ਨਹੀਂ ਖੋਲ੍ਹਿਆ ਵਿਰੋਧ ਨਹੀਂ ਕੀਤਾ ਸੱਚਮੁੱਚ ਪੰਜਾਬੀਆਂ ਦੀ ਮਾਨਸਿਕਤਾ 'ਤੇ ਮਾਂ ਬੋਲੀ ਪ੍ਰਤੀ ਵਤੀਰਾ ਕੈਂਸਰ ਦੀ ਕੀਮੋਥਰੈਪੀ ਦੀਆਂ ਤਰੰਗਾਂ ਦੇ ਇਲਾਜ ਵਾਂਗ ਕਰੂਪ ਹੁੰਦਾ ਜਾ ਰਿਹਾ ਹੈ। ਪਰ ਜਦ ਕੌਮਾਂ ਆਪਣੀ ਮਾਂ ਦੀ ਕੁਰਬਾਨੀ ਤੋਂ ਬੇਮੁਖ ਹੋ ਜਾਣ, ਦੁੱਧ ਪੀਣੇ ਮਜਨੂੰ ਬਣ ਜਾਣ ਤਾਂ ਸਰਬਪੱਖ ਨਿਘਾਰ ਉਹਨਾਂ ਦੀ ਹੋਣੀ ਬਣਦਾ ਹੈ। ਅਸੀਂ ਭੁੱਲ ਚੁੱਕੇ ਹਾਂ ਕਿ ਪੰਜਾਬੀ ਪੰਜਾਬ ਦੀ ਹੀ ਨਹੀਂ ਸਗੋਂ ਦੂਸਰੀਆਂ ਭਾਸ਼ਾਵਾਂ ਨੂੰ ਬਚਾਉਣ ਦੀ ਪਹਿਰੇਦਾਰ ਵੀ ਰਹੀ ਹੈ। ਹਿੰਦੀ ਸੰਸਕ੍ਰਿਤ ਚਾਂਦਨੀ ਚੌਕ ਦੀਆਂ ਸ਼ਹਾਦਤਾਂ ਦੀ ਕਰਜ਼ਾਈ ਹੈ ਜੋ ਅਹਿਸਾਨ ਫਰਾਮੋਸ਼ ਹੋ ਕੇ ਪੰਜਾਬੀ ਨੂੰ ਗੰਵਾਰਾਂ ਦੀ ਭਾਸ਼ਾ ਕਹਿ ਰਹੀ ਹੈ। ਕਾਮਰੇਡ ਲੈਨਿਨ ਨੇ ਕਿਹਾ ਸੀ ਕਿ ਜੇ ਤੁਸੀਂ ਕੁਦਰਤ ਨਾਲ ਜਾਂ ਭਾਸ਼ਾ ਨਾਲ ਛੇੜਛਾੜ ਕਰੋਗੇ ਤਾਂ ਬਹੁਤ ਭਿਆਨਕ ਸਿੱਟੇ ਭੁਗਤਣ ਲਈ ਤਿਆਰ ਹੋ। ਕਿਸੇ ਦੇਸ਼ ਦੀ ਨੌਜਵਾਨੀ ਦੇ ਪਰ ਇਹ ਅਣਖੀਲੀ ਬਣ ਕੇ ਦੂਸਰੀਆਂ ਭਾਸ਼ਾਵਾਂ ਨੂੰ ਨਾਦਰਾਂ ਤੋਂ, ਬਾਬਰਾਂ ਤੋਂ, ਅਬਦਾਲੀਆਂ ਤੋਂ ਇਹਨਾਂ ਭਾਸ਼ਾਵਾਂ ਨੂੰ ਬਚਾਉਂਦੀ ਰਹੀ ਕੁਰਬਾਨੀ ਕਰਦੀ ਰਹੀ। ਇਹ ਭਾਈ ਘਨਈਆ ਵੀ ਬਣੀ। ਇਹ ਵੱਖਰੀ ਗੱਲ ਹੈ ਕਿ ਅਹਿਸਾਨ ਫਰਾਮੋਸ਼ ਕਦੇ ਚੰਦੂ ਬਣ ਕੇ, ਕਦੇ ਗੰਗੂ ਬਣ ਕੇ ਤੇ ਕਦੇ ਸੁੱਚਾ ਨੰਦ ਬਣ ਕੇ ਵਿਦੇਸ਼ੀ ਹਮਲਾਵਰਾਂ ਦੀ ਖਿਦਮਤ ਕਰਦੇ ਰਹੇ। ਕੀ ਹੁਣ ਅਸੀਂ ਇਸ ਭਾਸ਼ਾ ਤੋਂ ਬੇਮੁਖ ਹੋ ਕੇ ਅਹਿਸਾਨ ਫਰਾਮੋਸ਼ ਵਾਲੀ ਦਿਸ਼ਾ ਵੱਲ ਤਾਂ ਨਹੀਂ ਵੱਧ ਰਹੇ? ਕਿਉਂਕਿ ਅਸੀਂ ਮਾਂ-ਬੋਲੀ ਦਾ ਇਤਿਹਾਸ ਭੁੱਲ ਚੁੱਕੇ ਹਾਂ ਕਿਉਂਕਿ ਏਥੇ ਮਕਦੂਨੀਆਂ ਤੋਂ ਯੂਨਾਨੀ ਆਏ ਤਾਂ ਪੰਜਾਬੀ ਦੇ ਪੋਰਸ ਨੇ ਉਸਦਾ ਹਮਲਾਵਾਰ ਰਥ ਰੋਕਿਆ ਤੇ ਪੰਜਾਬ ਦੇ ਹੀ ਰਾਜਾ ਅੰਬੀ ਵਰਗਿਆਂ ਨੇ ਪੰਜਾਬੀਅਤ ਨਾਲ ਗੱਦਾਰੀ ਕਰਕੇ ਸਿਕੰਦਰ ਦਾ ਸਾਥ ਦੇ ਕੇ ਉਸਨੂੰ ਇਤਿਹਾਸ ਵਿਚ ਸਿਕੰਦਰ ਮਹਾਨ ਬਣਾ ਕੇ ਪੋਰਸ ਦੀ ਬਹਾਦਰੀ ਨੂੰ ਸਿਕੰਦਰ ਨਾਲੋਂ ਨੀਵਾਂ ਦਿਖਾ ਦਿੱਤਾ। ਇਸ ਤੋਂ ਬਾਅਦ ਦੁਰਾਨੀ ਆਏ, ਮੁਗਲ ਆਏ, ਪੁਰਤਗਾਲੀ ਆਏ, ਡੱਚ ਆਏ, ਅੰਗਰੇਜ਼ ਆਏ ਜਿਨ੍ਹਾਂ ਨੇ ਪੰਜਾਬੀਅਤ ਤੇ ਕਾਬਜ਼ ਹੋਣ ਲਈ ਆਪਣੀ ਹਕੂਮਤੀ ਭਾਸ਼ਾ ਠੋਸ ਕੇ ਸਾਡੀ ਪੰਜਾਬੀ ਭਾਸ਼ਾ ਦੇ ਮੂਲ ਸ਼ਬਦਾਂ ਨੂੰ ਖੂਹ ਦੇ ਚੱਕ ਵਾਂਗ ਅਲੋਪ ਕਰ ਦਿੱਤਾ। ਹੋਰ ਤਾਂ ਹੋਰ ਜਿਸ ਨੂੰ ਅਸੀਂ ਸ਼ੇਰੇ ਪੰਜਾਬ ਕਹਿੰਦੇ ਹਾਂ ਉਸ ਨੇ ਵੀ ਪੰਜਾਬੀ ਮਾਂ ਬੋਲੀ ਦੇ ਸਿਰ ਤੇ ਬਾਬਾ ਫਰੀਦ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਭ ਗੁਰੂ ਸਾਹਿਬਾਨ ਦੀ ਭਾਸ਼ਾ ਦਾ ਤਾਜ ਨਹੀਂ ਰੱਖਿਆ ਸਗੋਂ ਉਸ ਦੀ ਸਰਕਾਰ ਦੀ ਭਾਸ਼ਾ ਜਾਂ ਕੰਮਕਾਰ ਅੱਜ ਦੀ ਅੰਗਰੇਜ਼ੀ ਵਾਂਗ ਪਰਸ਼ੀਅਨ ਭਾਸ਼ਾ ਵਿਚ ਸੀ।

ਅੱਜ ਅੰਗਰੇਜ਼ਾਂ ਦੇ ਜਾਣ ਤੋਂ ਪੌਣੀ ਸਦੀ ਬਾਅਦ ਵੀ ਅਸੀਂ ਅੰਗਰੇਜ਼ੀ ਭਾਸ਼ਾ ਦੀਆਂ ਗੋਲੀਆਂ ਮਾਂ ਬੋਲੀ ਦੇ ਮੋਢੇ ਵਿਚ ਪਾ ਕੇ ਪਤਾ ਨਹੀਂ ਕਿਹੜੇ ਲੁਕਮਾਨ ਦੀ ਵੈਦਗੀ ਦਾ ਤਜ਼ਰਬਾ ਕਰ ਰਹੇ ਹਾਂ? ਸਾਡੀ ਮਾਂ ਬੋਲੀ ਨੇ ਤਾਂ ਦੁੱਧ, ਦਹੀਂ, ਲੱਸੀ ਅਧਰਿੜਕਿਆ ਦਾ ਸੇਵਨ ਕਰਕੇ ਪੰਜਾਬੀਅਤ ਦੀ ਆਬਰੂ ਦੀ ਰਾਖੀ ਕੀਤੀ ਹੈ ਤੇ ਅੱਜ ਅਸੀਂ ਸ਼ੇਰ ਦੇ ਘਾਹ ਖਾਣ ਵਾਲੇ ਝੂਠ ਵਾਂਗ ਕੋਕਾ ਕੋਲਾ, ਕੇ.ਐਫ.ਸੀ., ਮਨਚੂਰੀਅਨ, ਪੀਜ਼ਾ, ਬਰਗਰ, ਚਿਪਸ, ਚਾਹ, ਕੌਫੀ ਉਲੱਦਣ ਤੇ ਪਹੁੰਚ ਚੁੱਕੇ ਹਾਂ। ਇਹ ਪੰਜਾਬੀਅਤ ਦਾ ਸਾਨੂੰ ਸਰਾਪ ਹੈ ਕਿ ਅਸੀਂ ਪਾਣੀ ਜੋ ਪਿਤਾ ਹੈ ਉਹ ਵੀ ਮੁੱਲ ਦਾ ਖਰੀਦ ਕੇ ਜਿਉਂ ਰਹੇ ਹਾਂ। ਉਹ ਵੀ ਸਮਾਂ ਸੀ ਜਦ ਪੰਜ-ਆਬ ਤੇ ਪਿਆ ਪੰਜਾਬ ਦੇ ਪੰਜ ਦਰਿਆਵਾਂ, ਕੱਸੀਆਂ, ਨਹਿਰਾਂ ਦਾ ਪਾਣੀ ਵੀ ਪਚਣ ਯੋਗ ਹੁੰਦਾ ਸੀ। ਅੱਜ ਨਾਂ ਸਾਨੂੰ ਪਾਣੀ ਪਚ ਰਿਹਾ ਹੈ ਤੇ ਨਾਂ ਅਸੀਂ ਪੰਜਾਬੀ ਮਾਂ ਬੋਲੀ ਨੂੰ ਪਚਾ ਰਹੇ ਹਾਂ। ਕਿਉਂਕਿ ਅਸੀਂ ਪੰਜਾਬੀ ਸਾਹਿਤ ਤੋਂ ਦੂਰ ਜਾ ਚੁੱਕੇ ਹਾਂ। ਭਾਰਤ ਦੀ ਪਾਰਲੀਮੈਂਟ ਵਿਚ ਦੱਖਣੀ ਰਾਜਾਂ ਦੀ ਭਾਸ਼ਾ ਤਾਂ ਹਿੰਦੀ ਅੰਗਰੇਜ਼ੀ ਵਿਚ ਤਬਦੀਲ ਹੁੰਦੀ ਹੈ ਪਰ ਪੰਜਾਬੀ ਨਹੀਂ। ਉਥੇ ਕਿਸੇ ਨੁਮਾਇੰਦੇ ਨੂੰ ਸਕੂਲਾਂ 'ਚ ਅੰਗਰੇਜ਼ੀ ਠੋਸਣ ਵਾਂਗ ਅੰਗਰੇਜ਼ੀ ਜਾਂ ਹਿੰਦੀ ਵਿਚ ਬੋਲਣ ਲਈ ਲੋਕ ਸਭਾ ਦੇ ਬੁਲਾਰੇ (ਸਪੀਕਰ) ਵੱਲੋਂ ਕਿਹਾ ਜਾਂਦਾ ਹੈ। ਜਦਕਿ ਪੰਜਾਬੀ ਭਾਸ਼ਾ ਕਾਨੂੰਨੀ ਮਾਨਤਾ ਪ੍ਰਾਪਤ ਭਾਸ਼ਾਵਾਂ ਵਿਚ ਹੈ।

ਦੂਸਰੇ ਪਾਸੇ ਇਹ ਵੀ ਇਕ ਨਾਂ ਪੱਖੀ ਪਹਿਲੂ ਹੈ ਕਿ ਪੰਜਾਬੀ ਦੇ ਅਜੋਕੇ ਸਾਹਿਤਕਾਰ ਵੀ ਇਸ ਰੁਝਾਨ ਤੋਂ ਆਪਣਾ ਦਾਮਨ ਸਾਫ਼ ਨਹੀਂ ਰੱਖ ਸਕੇ। ਉਨ੍ਹਾਂ ਦੇ ਆਪਣੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹ ਰਹੇ ਹਨ। ਉਹ ਵੀ ਇਹ ਦਲੀਲ ਦਿੰਦੇ ਹਨ ਕਿ ਪੰਜਾਬੀ ਭਾਸ਼ਾ ਉਚੇਰੀ ਵਿਗਿਆਨ ਵਿਦਿਆ ਦੀ ਭਾਸ਼ਾ ਨਹੀਂ ਹੈ। ਦਸਵੀਂ ਤੋਂ ਬਾਅਦ ਗਿਆਰਵੀਂ-ਬਾਰਵੀਂ ਤੋਂ ਲੈ ਕੇ ਵਿਗਿਆਨ ਦੇ ਵਿਸ਼ਿਆਂ ਦੀ ਭਾਸ਼ਾ ਅੰਗਰੇਜ਼ੀ ਹੋ ਜਾਂਦੀ ਹੈ। ਜੇ ਬਾਹਰਲੇ ਮੁਲਕਾਂ ਵਿਚ ਅਰਬੀ-ਫ਼ਾਰਸ਼ੀ, ਰੂਸੀ, ਫਰਾਂਸਿਸੀ, ਚੀਨੀ, ਜਪਾਨੀ ਭਾਸ਼ਾ ਵਿਗਿਆਨਕ ਹੋ ਸਕਦੀ ਹੈ ਤਾਂ ਪੰਜਾਬੀ ਕਿਉਂ ਨਹੀਂ? ਦੂਜੀ ਦਲੀਲ ਇਹ ਕਿ ਇਹ ਰੁਜ਼ਗਾਰ ਦੀ ਭਾਸ਼ਾ ਨਹੀਂ ਹੈ। ਨੌਕਰੀਆਂ ਅੰਗਰੇਜ਼ੀ ਭਾਸ਼ਾ ਦੇ ਟੈਸਟ ਪਾਸ ਕਰਕੇ ਮਿਲਦੀਆਂ ਹਨ। ਅਜੋਕੇ ਸਮੇਂ ਕਿਸੇ ਸ਼ਹਿਰ ਵਿਚ ਓਨੀਆਂ ਕੱਪੜਿਆਂ ਦੀਆਂ, ਆੜ੍ਹਤ ਦੀਆਂ, ਢਾਬਿਆਂ, ਚਾਹ ਵਾਲੇ ਖੋਖਿਆਂ ਜਾਂ ਸਕੂਲਾਂ ਦੀ ਗਿਣਤੀ ਨਹੀਂ ਹੈ ਜਿੰਨੀ ਆਈਲੈਟਸ ਦੀਆਂ ਦੁਕਾਨਾਂ ਦੀ ਹੈ। ਇਹ ਦੁਕਾਨਾਂ ਤਾਂ ਸ਼ਰਾਬ ਦੇ ਠੇਕਿਆਂ ਜਾਂ ਅੰਧਵਿਸ਼ਵਾਸ ਵੰਡ ਰਹੇ ਡੇਰਿਆਂ ਦੀ ਗਿਣਤੀ ਨਾਲੋਂ ਵੀ ਵੱਧ ਗਈਆਂ ਹਨ ਤੇ ਪੇਂਡੂ ਸਭਿਆਚਾਰ ਵਿਚ ਆਪਣੀਆਂ ਜੜ੍ਹਾਂ ਲਗਾ ਚੁੱਕੀਆਂ ਹਨ। ਕਥਾਵਾਚਕ, ਪ੍ਰਚਾਰਕ ਤੇ ਲੱਚਰ ਗਾਇਕ ਪੰਜਾਬੀ ਬੋਲ ਕੇ ਹੀ ਰੁਜ਼ਗਾਰ ਕਮਾ ਰਹੇ ਹਨ। ਫੜੀਵਾਲਾ ਵੀ ਅੰਬ, ਕੇਲੇ, ਸੰਤਰੇ, ਅਮਰੂਦ ਜਾਂ ਆਲੂ, ਗੋਭੀ, ਗਾਜਰਾਂ, ਪੇਠਾ ਆਦਿ ਬੋਲ ਕੇ ਰੁਜ਼ਗਾਰ ਕਮਾਉਂਦੇ ਹਨ। ਕੋਈ ਮੈਂਗੋ, ਬੈਨਾਨਾ, ਔਰੇਂਜ, ਗਾਵਾ, ਪੋਟੈਟੋ, ਕੌਲੀਫਲਾਵਰ, ਕੈਰਟ ਕਹਿ ਕੇ ਇਹ ਚੀਜ਼ਾਂ ਨਹੀਂ ਵੇਚਦਾ। ਫਿਰ ਕਿਵੇਂ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਰੁਜ਼ਗਾਰ ਦੀ ਭਾਸ਼ਾ ਨਹੀਂ ਹੈ। ਉਪਰੋਕਤ ਸਾਰੇ ਵਰਗ ਪੰਜਾਬੀ ਬੋਲੀ ਦੀ ਸੇਵਾ ਨਹੀਂ ਕਰ ਰਹੇ ਸਗੋਂ ਮਾਂ ਬੋਲੀ ਦੀ ਮਮਤਾ ਹੀ ਸਾਡੀ ਸੇਵਾ ਕਰਦੀ ਹੈ। ਨਾਂ-ਸ਼ੁਕਰੇ ਗਾਇਕ ਜਾਂ ਸਾਹਿਤਕਾਰ ਕਹਿੰਦੇ ਹਨ ਕਿ ਅਸੀਂ ਪੰਜਾਬੀ ਬੋਲੀ ਦੀ ਸੇਵਾ ਕਰਦੇ ਹਾਂ। ਇਹ ਵਾਕ ਬੁਨਿਆਦੀ ਤੌਰ ਤੇ ਹੀ ਗਲਤ ਹੈ। ਅਸੀਂ ਤਾਂ ਸਿਰਫ਼ ਮਾਂ ਬੋਲੀ ਪ੍ਰਤੀ ਫਰਜ਼ ਤੇ ਕਰਜ਼ ਅਦਾ ਕਰ ਰਹੇ ਹਾਂ।

ਹਕੀਕਤ ਇਹ ਹੈ ਕਿ ਪੰਜਾਬੀ ਭਾਸ਼ਾ ਦੇ ਵਜੂਦ ਵਿਚ ਆਈਲੈਟਸ ਰਾਹੀਂ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਨੌਜਵਾਨਾਂ ਨੂੰ ਜਲਾਵਤਨ ਕਰ ਰਿਹਾ ਹੈ ਤੇ ਆਈਲੈਟਸ ਦਾ ਰੁਝਾਨ ਚਿੱਟੇ ਦੇ ਨਸ਼ੇ ਵਾਂਗ ਨੌਜਵਾਨਾਂ ਦੇ ਜ਼ਹਿਨਾਂ ਵਿਚ ਘਰ ਕਰ ਚੁੱਕਾ ਹੈ। ਨਸਲ ਓਪਰੀ ਭਾਸ਼ਾ ਤੇ ਨਸ਼ਿਆਂ ਕਾਰਨ ਤੇ ਫਸਲ ਰੇਹਾਂ ਸਪਰੇਹਾਂ ਕਾਰਨ ਨਸ਼ੇੜੀ ਹੋ ਚੁੱਕੀ ਹੈ। ਹਕੀਕਤ ਇਹ ਹੈ ਕਿ ਮਾਤ ਭਾਸ਼ਾ ਇਕ ਸੂਰਜ ਹੈ, ਰੋਸ਼ਨੀ ਹੈ, ਹਵਾ ਹੈ ਜਿਨ੍ਹਾਂ ਨੂੰ ਧਰਮਾਂ ਜਾਂ ਵਰਗਾਂ ਵਿਚ ਨਹੀਂ ਵੰਡਿਆ ਜਾ ਸਕਦਾ। ਭਾਸ਼ਾ ਤਾਂ ਮਨੁੱਖ ਦਾ ਮਨੁੱਖ ਨਾਲ ਸੰਚਾਰ, ਸਵੈ-ਪ੍ਰਗਟਾਓ, ਵਿਚਾਰਾਂ, ਸਿਧਾਂਤਾਂ ਦਾ ਇਕ ਜ਼ਰੀਆ ਹੈ ਜੋ ਸਾਨੂੰ ਸੁਭਵਾਨ ਬਣਾਉਂਦਾ ਹੈ। ਜਾਗਰੂਕ ਕੌਮ, ਜਾਗਰੂਕ ਲੋਕ ਆਪਣੀ ਭਾਸ਼ਾ ਪ੍ਰਤੀ, ਆਪਣੇ ਇਤਿਹਾਸ ਪ੍ਰਤੀ ਜਾਗਰੂਕ ਹੁੰਦੇ ਹਨ। ਭਾਸ਼ਾ ਦੀ ਲਿਖਤੀ ਲਿੱਪੀ ਅੰਦਰ ਸੰਭਿਆ ਸਾਹਿਤ ਸਿੱਪੀ ਦਾ ਮੋਤੀ ਹੈ ਜਿਸਨੂੰ ਮੋਤੀ ਬਣਨ ਲਈ ਕਈ ਦਹਾਕੇ ਲੱਗ ਜਾਂਦੇ ਹਨ। ਇਸ ਬਾਰੇ ਨੈਪੋਲੀਅਨ ਨੇ ਕਿਹਾ ਸੀ ਕਿ "ਮੈਨੂੰ ਦੁਨੀਆਂ ਦੀਆਂ ਚੰਗੀਆਂ ਦੱਸ ਕਿਤਾਬਾਂ ਦੇ ਦਿਓ ਮੈਂ ਤੁਹਾਨੂੰ ਦੁਨੀਆਂ ਨੂੰ ਬਦਲ ਕੇ ਜ਼ਿੰਦਗੀ ਨੂੰ ਖ਼ੂਬਸੂਰਤ ਬਣਾ ਦੇਵਾਂਗਾ। ਸਾਡੇ ਕੋਲ ਤਾਂ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦੁਨੀਆਂ ਦਾ ਮਹਾਨ ਫਲਸਫ਼ਾ ਹੈ। ਮਾਸੂਮ ਸਾਹਿਬਜ਼ਾਦਿਆਂ ਤੋਂ ਲੈ ਕੇ ਹਜ਼ਾਰਾਂ ਈਸਾ ਵਰਗੇ ਲੋਕ ਨਾਇਕ ਹਨ। ਇਹ ਗੁਰੂ ਫਲਸਫਾ ਸਾਰੀ ਦੁਨੀਆਂ ਨੂੰ ਖ਼ੂਬਸੂਰਤ, ਬਰਾਬਰ ਅਧਾਰਤ, ਜਬਰ ਜ਼ੁਲਮ ਰਹਿਤ, ਕਿਰਤੀਆਂ ਦੀ ਸਰਦਾਰੀ ਕਾਇਮ ਕਰਨ ਦੀ ਤੇ ਦੁਨੀਆਂ ਨੂੰ ਬਦਲਣ ਦੀ ਤਾਕਤ ਰੱਖਦਾ ਹੈ। ਪਰ ਅਫ਼ਸੋਸ ਹਜ਼ਾਰਾਂ ਈਸਾ ਹੁੰਦੇ ਹੋਏ ਵੀ ਅਸੀਂ ਮਨੁੱਖ ਹੋ ਕੇ ਵੀ, ਇਸ ਫ਼ਲਸਫ਼ੇ ਦੇ ਧਾਰਨੀ ਹੋ ਕੇ ਵੀ ਵਰਗਾਂ ਵਿਚ, ਆਪਸੀ ਨਫ਼ਰਤ ਵਿਚ ਵੰਡੇ ਹੋਏ ਹਾਂ। ਭਾਈ ਲਾਲੋ ਅੱਜ ਵੀ ਉਸੇ ਹਾਲ ਵਿਚ ਹੈ। ਕਬੀਰ ਵੀ ਉਸੇ ਹਾਲਤ ਵਿਚ ਹੈ ਭਗਤ ਰਵਿਦਾਸ ਜੀ, ਮੀਆਂ ਮੀਰ ਵੀ ਉਸੇ ਹਾਲਤ ਵਿਚ ਹੈ ਜਿੰਨਾ ਉੱਪਰ ਕਿੱਤਾ ਅਧਾਰਤ ਜਾਂ ਧਰਮ ਅਧਾਰਤ ਠੱਪੇ ਲੱਗੇ ਹਨ। ਸਰਕਾਰਾਂ ਨੇ ਬਰਾਦਰੀ ਦੇ ਠੱਪੇ ਲਗਾ ਕੇ ਵਰਗ ਵੰਡ ਦੇ ਸਰਟੀਫਿਕੇਟ ਜਾਰੀ ਕਰ ਰਹੀਆਂ ਹਨ। ਇਹ ਹਾਕਮਾਂ ਦਾ ਮਹਿਕੂਮਾਂ ਤੇ ਗੁੱਝਾ ਵਾਰ ਹੈ ਕਿ ਜਿਥੇ ਜਾਤੀ ਜਾਂ ਧਰਮ ਦਾ ਪਾੜਾ ਚਰਮ ਸੀਮਾ ਤੇ ਪਹੁੰਚ ਜਾਵੇ ਉਥੇ ਜਮਾਤੀ ਪਾੜਾ ਮੱਧਮ ਪੈ ਜਾਂਦਾ ਹੈ (ਲੁੱਟਣ ਵਾਲੇ ਤੇ ਲੁੱਟੇ ਜਾਣ ਵਾਲਿਆਂ) ਦਾ ਵਰਗ ਸੰਘਰਸ਼ ਮਨਫ਼ੀ ਹੋ ਜਾਂਦਾ ਹੈ ਅਤੇ ਫਿਰਕੂ ਪਾੜਾ ਦੰਗਿਆਂ ਤੱਕ ਪਹੁੰਚ ਜਾਂਦਾ ਹੈ। ਇਸ ਕਰਕੇ ਹਰ ਹਕੂਮਤ ਨੂੰ ਨਸਲੀ ਵਿਤਕਰੇ ਦੀ ਆੜ 'ਚ ਆਰਥਿਕ ਵਿਤਕਰਾ ਰਾਸ ਆ ਜਾਂਦਾ ਹੈ ਕਿਉਂਕਿ ਮਹਿਕੂਮਾਂ (ਕਿਰਤੀਆਂ) ਦਾ ਧਿਆਨ ਅਸਲੀ ਦੁਸ਼ਮਣ ਤੇ ਕੇਂਦਰਤ ਨਹੀਂ ਹੁੰਦਾ। ਧਰਮ ਨਾਲ ਭਾਸ਼ਾ ਦਾ ਪੂੰਝਾ ਬੰਨ ਦਿੱਤਾ ਜਾਂਦਾ ਹੈ ਤੇ ਹਕੂਮਤਾਂ ਦਾ ਪਤੰਗ ਭਾਸ਼ਾ ਦੇ ਅਧਾਰਤ ਨਸਲੀ ਵਿਤਕਰੇ ਨਾਲ ਚੜ੍ਹਿਆ ਰਹਿੰਦਾ ਹੈ।

ਜਿਵੇਂ ਪੰਜਾਬੀ ਵਿਚ ਅਖਾਣ ਹੈ ਕਿ ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ ਇਸ ਅਨੁਸਾਰ ਹਕੀਕਤ ਹੈ ਕਿ ਪੰਜਾਬ ਤੋਂ ਬਿਜਲੀ ਪਾਣੀ ਵੀ ਕੇਂਦਰੀ ਸ਼ਕਤੀ ਨੇ ਖੋਹ ਲਏ ਹਨ। ਪੰਜਾਬ ਕੋਲ ਕੋਈ ਆਪਣੀ ਰਾਜਧਾਨੀ ਨਹੀਂ ਹੈ। ਚੰਡੀਗੜ੍ਹ ਛੱਡ ਕੇ ਮੋਹਾਲੀ ਵੱਲ ਆ ਰਹੇ ਹਾਂ। ਪਹਿਲਾਂ ਕੰਦੂਖੇੜੇ ਦਾ ਭਾਸ਼ਾ ਦੇ ਅਧਾਰ ਤੇ ਰੇੜਕਾ ਖੜ੍ਹਾ ਕੀਤਾ ਸੀ। ਇਸ ਤੋਂ ਵੱਧ ਬੇਰੁਖੀ ਤੇ ਨਿਰਾਸ਼ਾ ਕੀ ਹੋ ਸਕਦੀ ਹੈ? ਪੰਜਾਬੀ ਦੀ ਬਚੀ ਖੁਚੀ ਦਫਾ ਸਾਡਾ ਇਸ ਪ੍ਰਤੀ ਵਿਵਹਾਰਕ ਨਜ਼ਰੀਆ ਪੱਟੀ ਜਾ ਰਿਹਾ ਹੈ। ਪੰਜਾਬੀਆਂ ਦੇ ਚੁਣੇ ਪ੍ਰਤੀਨਿਧ ਲੋਕਾਂ 'ਚ ਪੰਜਾਬੀ ਬੋਲ ਕੇ ਪੰਜਾਬ ਵਿਚ ਹੀ ਅੰਗਰੇਜ਼ੀ ਵਿਚ ਸਹੁੰ ਚੁੱਕ ਰਹੇ ਹਨ। ਉਹਨਾਂ ਗੁਰਮੁਖੀ ਭਾਸ਼ਾ ਦੇ ਗੁਟਕਾ ਸਾਹਿਬ ਦੀਆਂ ਕਸਮਾਂ ਖਾ ਕੇ ਤੁਹਾਡੀਆਂ ਤਰਸਯੋਗ ਹਾਲਤਾਂ ਤੇ ਮੁਗਲਾਂ ਵੱਲੋਂ ਕੁਰਾਨ ਦੀਆਂ ਕਸਮਾਂ ਖਾ ਕੇ ਦਸਮ ਪਿਤਾ ਜੀ ਤੋਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰਵਾ ਕੇ ਪਿੱਠ ਪਿੱਛੇ ਵਾਰ ਕਰਨ ਵਾਂਗ ਲੋਕ ਸਮੱਸਿਆਵਾਂ ਤੇ ਪੰਜਾਬੀ ਭਾਸ਼ਾ ਤੋਂ ਮੁਨਕਰ ਹੋ ਕੇ ਪੰਜਾਬੀ ਭਾਸ਼ਾ ਤੇ ਪਿੱਠ ਪਿੱਛੇ ਵਾਰ ਕੀਤਾ ਹੈ। ਕੀ ਤੁਸੀਂ ਇਸ ਅਪਮਾਨ ਦੀ ਰੜਕ ਮੰਨੀ ਹੈ? ਤੁਹਾਡੀ ਜ਼ਮੀਰ ਨੇ ਤੁਹਾਨੂੰ ਆਪਣੀ ਭਾਸ਼ਾ ਪ੍ਰਤੀ ਕੋਈ ਚੋਭ ਭਰਿਆ ਅਹਿਸਾਸ ਕਰਵਾਇਆ ਹੈ? ਸਾਰਾ ਪ੍ਰਸ਼ਾਸਕੀ ਕੰਮਕਾਜ, ਅਦਾਲਤਾਂ ਦੇ ਫੈਸਲੇ ਕੇਂਦਰੀ ਸਰਕਾਰਾਂ ਦੇ ਖਤੋ ਖਤਾਬ ਅੰਗਰੇਜ਼ੀ ਵਿਚ ਹੁੰਦੇ ਹਨ। ਅੱਜ ਵੀ ਅਸੀਂ ਏਥੋਂ 75 ਸਾਲ ਪਹਿਲਾਂ ਗਏ ਸ਼ਾਸਕਾਂ ਦੀ ਬੋਲੀ ਦੇ ਮੁਹਤਾਜ ਹਾਂ। ਇਕ ਗੁਲਾਮ ਮਾਨਸਿਕਤਾ ਗੁਲਾਮ ਜਹਿਨੀਅਤ ਹੰਢਾ ਰਹੇ ਹਾਂ। ਪੰਜਾਬੀ ਭਾਸ਼ਾ ਨੂੰ ਪੰਜਾਬੀਅਤ ਜਾਂ ਪੰਜਾਬੀ ਭਾਸ਼ਾ ਦਾ ਤਾਜ ਪਹਿਨਾਉਣਾ ਕੁਰਸੀ ਪ੍ਰਾਪਤ ਕਰਨ ਲਈ ਚੋਣ ਜੁਮਲੇ ਹਨ।

ਦੂਸਰੇ ਪਾਸੇ ਦੁਨੀਆਂ ਦੇ ਮੁਲਕ ਆਪਣੀ ਮਾਂ ਬੋਲੀ ਪ੍ਰਤੀ ਜਿੰਦ ਜਾਨ ਕੁਰਬਾਨ ਕਰ ਦਿੰਦੇ ਹਨ। ਖਲੀਲ ਜ਼ਿਬਰਾਨ ਦੀ ਪੁਸਤਕ "ਮੇਰਾ ਦਾਗਿਸਤਾਨ" ਪੁਸਤਕ ਵਿਚਲੀ ਇਕ ਸਧਾਰਨ ਮਾਂ ਆਪਣੇ ਪੁੱਤਰ ਵੱਲੋਂ ਮਾਂ ਬੋਲੀ ਨੂੰ ਭੁੱਲ ਜਾਣ ਤੇ ਲੰਮਾ ਘੁੰਡ ਕੱਢ ਲੈਂਦੀ ਹੈ। ਜਿਸਦਾ ਅਰਥ ਹੈ ਕਿ ਉਹ ਉਸ ਲਈ ਮਰ ਚੁੱਕਾ ਹੈ। ਪ੍ਰਸਿੱਧ ਲੇਖਕ ਪਰਮਜੀਤ ਢੀਂਗਰਾ ਅਨੁਸਾਰ "ਨਗੋਲਾ ਲੋਕਾਂ ਨੇ ਮੱਛੀਆਂ ਦੇ ਪੰਜ ਸੌ ਨਾਮ ਰੱਖੇ ਹੋਏ ਹਨ। ਵੈਨਜ਼ੁਏਲਾ ਵਿਚ ਬਾਕੀ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਗਿਣਤੀ 1500 ਹੀ ਹੈ ਪਰ ਉਹਨਾਂ ਕੋਲ ਐਥਨੋਂ ਬਾਟਨੀ ਦਾ ਵੱਡਾ ਗਿਆਨ ਹੈ। ਅਰਬੀ ਭਾਸ਼ਾ ਵਿਚ ਤਲਵਾਰ ਦੇ ਤਿੰਨ ਸੌ ਸਮਾਨਅੰਤਰ ਸ਼ਬਦ ਹਨ। ਹਰ ਭਾਸ਼ਾ ਦਾ ਗਿਆਨ ਬੱਚੇ ਤੋਂ ਮਨੁੱਖ ਬਣਨ ਦੇ ਵਿਵਹਾਰਕ ਵਿਕਾਸ ਲਈ ਜ਼ਰੂਰੀ ਹੈ। ਭਾਰਤ ਦੇ ਰਾਸ਼ਟਰਪਤੀ ਵੈਂਕਟਰਈਆ ਮਾਤ ਭਾਸ਼ਾ ਦੀ ਵਕਾਲਤ ਕਰਦੇ ਹਨ। ਦੁਨੀਆਂ ਦੇ ਸਿੱਖਿਆ ਸ਼ਾਸ਼ਤਰ ਅਤੇ ਵਿਦਵਾਨ ਸਿੱਖਿਆ ਦੇ ਮਾਤ ਭਾਸ਼ਾ ਵਿਚ ਹੋਣ ਦੀ ਵਕਾਲਤ ਕਰਦੇ ਹਨ।" ਸਿੱਖਿਆ ਦੇ ਵਪਾਰੀਕਰਨ ਦੇ ਖਿਲਾਫ਼ ਹਨ ਤੇ ਇਹ ਵਰਤਾਰਾ ਬਾਲ ਵਿਰੋਧੀ ਅਪਰਾਧ ਵਿਚ ਸ਼ਾਮਲ ਕਰਦੇ ਹਨ। ਪਰ ਸਾਡੀਆਂ ਸਰਕਾਰਾਂ ਵਿਚ ਜੁਰਮ ਕਰ ਰਹੀਆਂ ਹਨ। ਸਿਹਤ, ਸਿੱਖਿਆ ਆਦਿ ਨੂੰ ਨਿੱਜੀ ਖੇਤਰ ਦੇ ਹੱਥਾਂ 'ਚ ਸੌਂਪ ਕੇ ਲੋਕ ਵਿਰੋਧੀ ਕਾਰਜ ਕਰ ਰਹੀਆਂ ਹਨ। ਫਰਾਂਸਿਸੀ ਕਹਿੰਦੇ ਹਨ ਕਿ ਭਾਵੇਂ ਕੋਈ

Scanned with CamScanner

ਫਰਾਂਸ ਜਿੱਤ ਲਵੇ ਪਰ ਫਰਾਂਸਿਸੀ ਭਾਸ਼ਾ ਲਈ ਉਹ ਆਪਣੀ ਜਾਨ ਵਾਰ ਦੇਣਗੇ। ਰੂਸੀ, ਕੋਰੀਅਨ, ਚੀਨੀ, ਅਰਬੀ, ਅਫਰੀਕੀ ਤੇ ਜਪਾਨੀ ਆਪਣੀਆਂ ਭਾਸ਼ਾਵਾਂ ਪ੍ਰਤੀ ਮਾਂ ਬੋਲੀ ਪ੍ਰਤੀ ਦੀਵਾਨੇ ਹਨ। ਉਹਨਾਂ ਲਈ ਭਾਸਾ ਪਹਿਲਾਂ ਹੈ ਤੇ ਜ਼ਿੰਦਗੀ ਬਾਅਦ ਵਿਚ ਹੈ। ਭਾਰਤ ਦੇ ਕਈ ਦੱਖਣੀ ਰਾਜ ਵੀ ਆਪਣੀ ਮਾਂ ਬੋਲੀ ਪ੍ਰਤੀ ਅਜਿਹੀ ਹੀ ਦੀਵਾਨਗੀ ਰੱਖਦੇ ਹਨ। ਜਦੋਂ ਭਾਰਤ ਵਿਚ ਅੰਗਰੇਜ਼ੀ ਸਕੂਲ ਖੋਹਲਣ ਦੀ ਅੰਗਰੇਜ਼ ਹਾਕਮਾਂ ਨੇ ਤਜਵੀਜ਼ ਰੱਖੀ ਤਾਂ ਇਕ ਦਸ ਮੈਂਬਰੀ ਕਮੇਟੀ ਬਣਾ ਦਿੱਤੀ ਗਈ। ਇਸ ਨੇ ਫੈਸਲਾ ਕਰਨਾ ਸੀ ਕਿ ਸਕੂਲ ਸਿੱਖਿਆ ਦਾ ਮਾਧਿਅਮ ਕੀ ਹੋਵੇ। ਪੰਜ ਕਮੇਟੀ ਮੈਂਬਰ ਸਥਾਨਕ ਭਾਸ਼ਾ ਦੇ ਪੱਖ ਵਿਚ ਸਨ ਅਤੇ ਪੰਜ ਕਮੇਟੀ ਮੈਂਬਰ ਅੰਗਰੇਜ਼ੀ ਮਾਧਿਅਮ ਦੇ ਪੱਖ ਵਿਚ ਸਨ। ਜਿੰਨਾ ਵਿਚ ਰਾਜਾ ਮੋਹਨ ਰਾਏ ਪ੍ਰਮੁੱਖ ਸੀ। ਉਹਨਾਂ ਦਾ ਤਰਕ ਸੀ ਕਿ ਇਸ ਸਮੇਂ ਸਾਨੂੰ ਪੱਛਮੀ ਗਿਆਨ ਦੀ ਲੋੜ ਹੈ ਕਿਉਂਕਿ ਸਾਡੀਆਂ ਭਾਸ਼ਾਵਾਂ ਅਜੇ ਆਧੁਨਿਕਤਾ ਦੇ ਰਾਹ ਨਹੀਂ ਪਈਆਂ। ਲਾਰਡ ਮੈਕਾਲੇ ਦੀ ਵੋਟ ਫੈਸਲਾਕੁੰਨ ਸੀ ਜੋ ਸਿੱਖਿਆ ਦੇ ਅੰਗਰੇਜ਼ੀ ਭਾਸ਼ਾ ਦੇ ਮਾਧਿਅਮ ਬਣਾਉਣ ਦੇ ਹੱਕ ਵਿਚ ਗਈ। ਉਸ ਸਮੇਂ ਸਸਤੇ ਮਜ਼ਦੂਰ ਉਹਨਾਂ ਹਾਕਮਾਂ ਦੀ ਲੋੜ ਸੀ ਪਰ ਅੱਜ ਸਾਡੇ ਆਪਣੇ ਚੁਣੇ ਹਾਕਮਾਂ ਦੀ ਨੀਅਤ ਵਿਚ ਖੋਟ ਹੈ। ਅੱਜ ਤੋਂ ਇਕ ਸਦੀ ਪਹਿਲਾਂ ਪੰਜਾਬੀ ਦੇ ਭਾਸ਼ਾ ਭੰਡਾਰ ਵਿਚ ਲੱਖਾਂ ਸ਼ਬਦ ਹੁੰਦੇ ਹੋਏ ਵੀ ਅਸੀਂ ਪੰਜਾਬੀ ਸੀ। ਅੱਜ ਆਪਣੀ ਮਾਂ ਬੋਲੀ ਦੇ ਹਜ਼ਾਰਾਂ ਸ਼ਬਦ ਗੁਆ ਕੇ ਵਿਦੇਸ਼ ਭਾਸ਼ਾਵਾਂ ਦੇ ਸ਼ਬਦ ਮਿਲਾ ਕੇ ਵੀ ਪੰਜਾਬੀ ਕਹਾ ਰਹੇ ਹਾਂ। ਇਹ ਓਪਰੇ ਸ਼ਬਦ ਪੰਜਾਬੀ ਭਾਸ਼ਾ ਨੂੰ ਸਿਉਂਕ ਵਾਂਗ ਖਾ ਰਹੇ ਹਨ ਤੇ ਇਹ ਸਿਉਂਕ ਸਾਡੀ ਤਾਕਤ ਨੂੰ ਵਾਰ-ਵਾਰ ਵੰਡ ਕਰਕੇ, ਪਾਕਿਸਤਾਨ, ਹਿਮਾਚਲ, ਹਰਿਆਣਾ ਕੱਢ ਕੇ ਸਭ ਕੁਝ ਖੋਹ ਕੇ ਸਿਉਂਕ ਵਾਂਗ ਪੰਜਾਬ ਪੰਜਾਬੀਅਤ ਤੇ ਭਾਸ਼ਾ ਨੂੰ ਖਾ ਚੁੱਕੇ ਹਨ। ਸਾਡੀਆਂ ਸਾਹੀਵਾਲ ਤੇ ਰਾਠੀ ਗਊਆਂ ਦੀ ਨਸਲ ਤੇ ਬੇਰੜੀ ਨਸਲ ਦੀਆਂ ਗਾਵਾਂ ਤੇ ਢੱਠੇ ਲੱਚਰ ਗਾਇਕਾਂ ਵਾਂਗ ਚੀਕ ਚਿਹਾੜਾ ਪਾ ਰਹੇ ਹਨ।

ਉਪਰੋਕਤ ਵੇਰਵੇ ਦੇ ਸਬੰਧ ਵਿਚ ਅਸੀਂ ਕਿੱਥੇ ਖੜ੍ਹੇ ਹਾਂ? ਅੱਜ ਸਥਿਤੀ ਇਹ ਹੈ ਕਿ ਆਈਲੈਟਸ ਰਾਹੀਂ ਜਾਂ ਕਿਸੇ ਹੋਰ ਢੰਗ ਰਾਹੀਂ ਭਾਵੇਂ ਕੋਈ ਸਾਡੀ ਮਾਂ ਭਾਸ਼ਾ ਵੱਢ ਲਵੇ ਪਰ ਸਾਨੂੰ ਅੰਗਰੇਜ਼ੀ ਸਿਖਾ ਕੇ, ਸਸਤੇ ਮਜ਼ਦੂਰ ਬਣਾ ਕੇ ਕੈਨੇਡਾ, ਅਮਰੀਕਾ, ਇੰਗਲੈਂਡ ਜਾਂ ਹੋਰ ਪੱਛਮੀ ਮੁਲਕਾਂ ਵਿਚ ਲੈ ਜਾਵੇ। ਇਸ ਦੌੜ 'ਚ ਪੰਜਾਬੀਅਤ ਦਾ ਕਿਰਦਾਰ ਇਸ ਪੱਧਰ ਤੱਕ ਨਿੱਘਰ ਚੁੱਕਾ ਹੈ। ਗੁਰੂ ਫਲਸਫ਼ੇ ਦੀ ਹਜ਼ੂਰੀ ਵਿਚ ਭੈਣ-ਭਰਾ, ਪਤੀ-ਪਤਨੀ ਬਣ ਕੇ ਇਸ ਬੇਗ਼ੈਰਤ ਰਾਹਾਂ ਦੇ ਪਾਂਧੀ ਬਣ ਚੁੱਕੇ ਹਨ। ਪੈਸੇ ਦੀ ਦੌੜ ਇਖਲਾਕ ਤੇ ਭਾਰੂ ਹੈ। ਸਿਆਸਤਦਾਨ ਵੀ ਸਾਨੂੰ ਮੁਥਾਜ ਬਣਾ ਕੇ ਕਰੋੜਾਂ ਅਰਬਾਂ ਰੁਪਏ ਖਰਚ ਕਰਕੇ ਸਾਡੀ ਵੋਟ ਲਿਆਕਤ ਨੂੰ ਖਰੀਦ ਲੈਂਦੇ ਹਨ। ਉਹਨਾਂ ਲਈ ਅਸੀਂ ਬਜ਼ਾਰ ਦੀ ਵਿਕਾਊ ਵਸਤੂ ਹਾਂ। ਦੇਸੀ ਅਤੇ ਵਿਦੇਸੀ ਸਾਮਰਾਜੀਆਂ ਲਈ ਅਸੀਂ ਸਸਤੇ ਭਾਅ ਦੇ ਭਾੜੇ ਦੇ ਮਜ਼ਦੂਰ ਹਾਂ। ਭਾਰਤ ਸਰਕਾਰ ਵੱਲੋਂ ਸਥਾਪਤ ਕੋਠਾਰੀ ਸਿੱਖਿਆ ਕਮਿਸ਼ਨ ਅਤੇ ਫਿਰ ਰਾਸ਼ਟਰੀ ਸਿੱਖਿਆ ਕਮਿਸ਼ਨ ਨੇ ਸਿੱਖਿਆ ਦੇ ਮਾਤ ਭਾਸ਼ਾ ਦੇ ਮਾਧਿਅਮ ਵਿਚ ਹੋਣ ਦੀ ਵਕਾਲਤ ਕੀਤੀ ਹੈ। ਜਦਕਿ ਮੋਦੀ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਅਧਿਆਪਕਾਂ ਦੀ ਤਨਖਾਹ ਨੂੰ ਵੀ ਸੇਵਾ ਭੱਤਾ ਕਹਿ ਕੇ ਪੈਨਸ਼ਨ ਰਹਿਤ ਕਰਕੇ ਵਪਾਰੀਕਰਨ ਦੇ ਰਾਹ ਤੁਰਨ ਦਾ ਸੰਕੇਤ ਦੇ ਰਹੀ ਹੈ। ਸਿੱਖਿਆ ਦੇ ਮਾਧਿਅਮ ਦਾ ਕੋਈ ਬਦਲ ਨਹੀਂ ਹੈ। ਪੰਜਾਬ ਦੇ ਅੰਗਰੇਜ਼ੀ ਸਕੂਲਾਂ ਵਿਚ ਤਾਂ ਵਿਦਿਆਰਥੀਆਂ ਤੇ ਮਾਂ ਬੋਲੀ ਬੋਲਣ ਤੇ ਵੀ ਬੰਦਸ਼ਾਂ ਹਨ। ਇਹ ਇਕ ਜੀਭ ਕੱਟਣ ਵਰਗਾ ਵਰਤਾਰਾ ਹੈ। ਪੰਜਾਬੀ ਬੋਲਣ ਵਾਲੇ ਦਾ ਮਜ਼ਾਕ ਉਡਾਇਆ ਜਾਂਦਾ ਹੈ ਗੰਵਾਰ ਕਿਹਾ ਜਾਂਦਾ ਹੈ। ਇਹ ਵਰਤਾਰਾ ਓਨਾ ਚਿਰ ਕਾਰਜਸ਼ੀਲ ਰਹੇਗਾ ਜਦੋਂ ਤੱਕ ਅਸੀਂ ਅਜਿਹਾ ਸਮਾਜ ਨਹੀਂ ਸਿਰਜ ਲੈਂਦੇ ਕਿ ਵਿਦੇਸ਼ੀ ਲੋਕ ਸਾਡੀ ਮਾਂ ਬੋਲੀ ਦੇ ਪੜ੍ਹਨ, ਲਿਖਤ, ਸੁਣਨ ਦੇ ਅੰਕ ਪ੍ਰਾਪਤ ਕਰਕੇ ਏਥੇ ਰੁਜ਼ਗਾਰ ਲਈ ਆਉਣਗੇ। ਜਿਵੇਂ ਪੁਰਾਤਨ ਸਮੇਂ ਵਿਦੇਸ਼ੀ ਨਾਲੰਦਾ ਯੂਨੀਵਰਸਿਟੀ ਵਿਚ ਸਿੱਖਿਆ ਪ੍ਰਾਪਤ ਕਰਨ ਲਈ ਆਉਂਦੇ ਸਨ।

ਏਥੇ ਮਾਂ ਬੋਲੀ ਪ੍ਰਤੀ ਪਿਆਰ ਸਤਿਕਾਰ ਭਾਵਨਾ ਦੇ ਸੰਬੰਧ ਵਿਚ ਰਾਬਿੰਦਰ ਨਾਥ ਟੈਗੋਰ ਦਾ ਦੋ ਪੱਖਾਂ ਤੋਂ ਜ਼ਿਕਰ ਕਰਨਾ ਚਾਹਾਂਗਾ। ਪਹਿਲਾਂ ਤਾਂ 1919 ਦੇ ਜਲਿਆਂਵਾਲੇ ਕਾਂਡ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਦਿੱਤਾ ਸਨਮਾਨ ਵਾਪਸ ਕਰਕੇ ਉਹਨਾਂ ਭਾਈ ਵੀਰ ਸਿੰਘ ਨੂੰ ਲਿਖਿਆ ਸੀ ਕਿ ਤੇਰੇ ਸ਼ਹਿਰ ਐਨਾ ਵੱਡਾ ਕਤਲੇਆਮ ਹੋ ਗਿਆ ਤੇ ਤੇਰੀ ਕਲਮ ਇਸ ਤੋਂ ਬੇਖ਼ਬਰ "ਵੈਰੀ ਨਾਗ ਤੇਰਾ ਪਹਿਲਾ ਝਲਕਾ ਜਦ ਅੱਖੀਆਂ ਵਿਚ ਵਜਦਾ" ਵਿਚ ਹੀ ਅੜੀ ਹੋਈ ਹੈ। ਜਦ ਕਿ ਬਾਬਰ ਸਮੇਂ ਮਹਾਨ ਪੁਰਸ਼ ਬਾਬਾ ਨਾਨਕ ਨੇ ਬਾਬਰ ਬਾਣੀ ਦੀ ਸਿਰਜਣਾ ਕੀਤੀ ਸੀ। ਤੁਹਾਡੀ ਕਲਮ ਕਿਥੇ ਖੜ੍ਹੀ ਹੈ? ਦੂਸਰਾ ਵਾਕਿਆ ਬਲਰਾਜ ਸਾਹਨੀ ਨਾਲ ਸਬੰਧਿਤ ਹੈ ਕਿ ਉਹ ਆਪਣੀਆਂ ਅੰਗਰੇਜ਼ੀ ਵਿਚ ਪ੍ਰਕਾਸ਼ਤ ਪੁਸਤਕਾਂ ਲੈ ਕੇ ਰਾਬਿੰਦਰ ਨਾਥ ਟੈਗੋਰ ਕੋਲ ਗਿਆ। ਕਿਤਾਬਾਂ ਦੇਖ ਕੇ ਟੈਗੋਰ ਨੇ ਕਿਹਾ ਕਿ "ਤੁਸੀਂ ਆਪਣੀ ਮਾਂ ਬੋਲੀ ਵਿਚ ਕਿਉਂ ਨਹੀਂ ਲਿਖਦੇ? ਮੈਂ ਬੰਗਲਾ ਭਾਸ਼ਾ ਵਿਚ ਲਿਖਦਾ ਹਾਂ।" ਬਲਰਾਜ ਸਾਹਨੀ ਦਾ ਉੱਤਰ ਸੀ ਕਿ "ਪੰਜਾਬੀ ਭਾਸ਼ਾ ਦਾ ਦਾਇਰਾ ਬੜਾ ਸੀਮਤ ਹੈ ਇਸ ਕਰਕੇ ਅੰਗਰੇਜ਼ੀ ਵਿਚ ਲਿਖਦਾ ਹਾਂ।"

ਇਸ ਦੇ ਜਵਾਬ ਵਿਚ ਟੈਗੋਰ ਨੇ ਕਿਹਾ ਕਿ "ਕੀ ਤੇਰਾ ਦਾਇਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੀ ਅਸੀਮਤ ਹੈ।" ਇਹ ਸੁਣ ਕੇ ਬਲਰਾਜ ਸਾਹਨੀ ਚੁੱਪ ਕਰ ਗਿਆ। ਮ ਾਂਬੋਲੀ ਪ੍ਰਤੀ ਅਹਿਸਾਸ ਜਾਗਿਆ ਤੇ ਪੰਜਾਬੀ ਭਾਸ਼ਾ ਵਿਚ ਸਾਹਿਤਕ ਸਿਰਜਣਾ ਕਰਨ ਲੱਗਾ। ਦੂਸਰੇ ਪਾਸੇ ਜੇ ਅਸੀਂ ਸ਼ਬਦਾਵਲੀ ਪੱਖੋਂ ਅੰਗਰੇਜ਼ੀ ਤੇ ਪੰਜਾਬੀ ਭਾਸ਼ਾ ਦੀ ਤੁਲਨਾ ਕਰੀਏ ਤਾਂ ਅੰਗਰੇਜ਼ੀ ਕੋਲ ਸਿਰਫ਼ ਡੇਢ ਕੁ ਲੱਖ ਸ਼ਬਦ ਹਨ ਜਦ ਕਿ ਪੰਜਾਬੀ ਸ਼ਬਦ ਭੰਡਾਰ ਵਿਚ ਇਹ ਗਿਣਤੀ ਤਿੰਨ ਲੱਖ ਦੇ ਕਰੀਬ ਹੈ। ਜਿਵੇਂ 1947 ਤੋਂ ਪਹਿਲਾਂ 30-35 ਕਰੋੜ ਦੀ ਭਾਰਤੀ ਵਸੋਂ ਹਜ਼ਾਰਾਂ ਕੁ ਦੀ ਗਿਣਤੀ ਦੇ ਅੰਗਰੇਜ਼ਾਂ ਦੀ ਗੁਲਾਮੀ ਕਰ ਰਹੀ ਸੀ। ਉਸੇ ਤਰ੍ਹਾਂ ਅੱਜ ਸ਼ਬਦ ਭੰਡਾਰ ਪੱਖੋਂ ਦੁੱਗਣੀ ਤਾਕਤ ਰੱਖਣ ਵਾਲੀ ਪੰਜਾਬੀ ਭਾਸ਼ਾ ਅੰਗਰੇਜ਼ੀ ਦੇ ਇਸ ਨਾਲੋਂ ਅੱਧੇ ਸ਼ਬਦਾਂ ਦਾ ਪਾਣੀ ਭਰ ਰਹੀ ਹੈ।

ਕੁਝ ਸਾਲ ਹੋਏ ਸੰਤ ਬਲਵੀਰ ਸਿੰਘ ਸੀਚੇਵਾਲ ਵੱਲੋਂ ਕਾਲੀ ਵੇਈਂ ਦੀ ਸਫ਼ਾਈ ਮੁਹਿੰਮ ਦੇਖਣ ਲਈ ਭਾਰਤ ਦੇ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁੱਲ ਕਲਾਮ ਪੰਜਾਬ ਆਏ। ਇਸ ਪੰਜਾਬ ਫੇਰੀ ਤੋਂ ਬਾਅਦ ਕਿਸੇ ਪੱਤਰਕਾਰ ਨੇ ਸਵਾਲ ਕੀਤਾ ਕਿ "ਡਾ. ਸਾਹਿਬ ਪੰਜਾਬ ਬਾਰੇ ਤੁਹਾਡਾ ਕੀ ਵਿਚਾਰ ਹੈ? ਇਸ ਸਵਾਲ ਦੇ ਜਵਾਬ ਵਿਚ ਉਹਨਾਂ ਕਿਹਾ ਕਿ "ਮੈਂ ਪੰਜਾਬ ਨੂੰ ਦੇਸ਼ ਦਾ ਇਕ ਗਰੀਬ ਸੂਬਾ ਸਮਝਦਾ ਹਾਂ।" ਹੈਂ ਇਹ ਕੀ? ਪੰਜਾਬ ਤਾਂ ਆਰਥਿਕ ਪੱਖੋਂ ਖ਼ੁਸ਼ਹਾਲ ਸੂਬਾ ਹੈ। ਸਭ ਤੋਂ ਵੱਧ ਅਨਾਜ ਪੈਦਾ ਕਰਦਾ ਹੈ ਅਤੇ ਤੁਸੀਂ ਇਸ ਨੂੰ ਗਰੀਬ ਕਹਿ ਰਹੇ ਹੋ? ਪੱਤਰਕਾਰ ਨੇ ਹੈਰਾਨੀ ਨਾਲ ਕਿਹਾ।

"ਹਾਂ ਪੰਜਾਬ ਇਕ ਗਰੀਬ ਸੂਬਾ ਹੈ। ਪਹਿਲਾਂ ਪੰਜਾਬ ਗਿਆਨ ਦੀ ਉਪਜ ਕਰਦਾ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ, ਜ਼ਫਰਨਾਮਾ ਇਸ ਦੀ ਉਦਾਹਰਣ ਹੈ। ਅਨਾਜ ਕੋਈ ਗਿਆਨ ਨਹੀਂ ਹੈ ਸਿਰਫ਼ ਭੁੱਖ ਤ੍ਰਿਪਤੀ ਹੈ। ਮਾਨਸਿਕ ਤ੍ਰਿਪਤੀ ਗਿਆਨ ਕਰਦਾ ਹੈ ਪਰ ਮੈਨੂੰ ਕਿਸੇ ਵੀ ਪੰਜਾਬੀ ਦੇ ਘਰ ਮਾਂ-ਬੋਲੀ ਦੀ ਸਾਹਿਤਕ ਪੁਸਤਕ ਦੇਖਣ ਨੂੰ ਨਹੀਂ ਮਿਲੀ।" ਡਾ. ਸਾਹਿਬ ਦੇ ਇਸ ਜਵਾਬ ਅੱਗੇ ਪੱਤਰਕਾਰ ਨਿਰਉੱਤਰ ਹੋ ਗਿਆ।

ਪੰਜਾਬ ਆਪਣੀਆਂ ਅਜਿਹੀਆਂ ਗਲਤੀਆਂ ਕਾਰਨ ਦੁੱਖ ਭੋਗ ਰਿਹਾ ਹੈ। ਗਿਆਨ ਦੀ ਘਾਟ ਕਾਰਨ ਭਾਸ਼ਾ ਪ੍ਰਤੀ ਲਾਪ੍ਰਵਾਹੀ, ਨਸ਼ਿਆਂ ਨੂੰ ਸ਼ਾਨ ਸਮਝਣਾ, ਵਿਹਲੇ ਰਹਿ ਕੇ ਕਿਰਤ ਰਹਿਤ ਹੋਣ ਨੂੰ ਸਰਦਾਰੀ ਦਾ ਮਾਣ ਸਮਝਣਾ, ਨਿੱਕੇ-ਨਿੱਕੇ ਲਾਲਚਾਂ ਲਈ ਜ਼ਮੀਰ ਤੇ ਅਣਖ਼ ਵੇਚ ਦੇਣੀ, ਬੇਟੀਆਂ ਨੂੰ ਜਨਮ ਤੋਂ ਪਹਿਲਾਂ ਮਾਰ ਦੇਣਾ, ਲੱਚਰਤਾ ਦੇ ਪ੍ਰਭਾਵ ਵਿਚ ਇਕ ਬੱਚੀ ਨਾਲ ਵੀ ਖੇਹ ਖਾਣੀ ਤੇ ਜ਼ਲੀਲ ਕਰਨਾ ਪੰਜਾਬੀਆਂ ਦਾ ਸਿਹਤਮੰਦ ਰੁਝਾਨ ਨਹੀਂ ਹੈ ਜੋ ਗਾਜਰ ਘਾਹ ਵਾਂਗ ਦਿਨੋਂ ਦਿਨ ਵਧ ਰਿਹਾਹੈ। ਇਹ ਹੱਥੀ ਬੀਜੇ ਕੰਢੇ ਸਾਨੂੰ ਹੀ ਪੋਟੇ ਜ਼ਖ਼ਮੀ ਕਰਵਾ ਕੇ ਚੁਗਣੇ ਪੈਣੇ ਹਨ। ਨਹੀਂ ਤਾਂ ਇਹ ਰੁਝਾਨ ਸਾਡੀ ਗੁਰੂਆਂ ਦੇ ਫ਼ਲਸਫ਼ੇ ਦੇ ਧਾਰਨੀ ਹੋਣ ਤੇ ਪ੍ਰਸ਼ਨ ਚਿੰਨ੍ਹ ਬਣ ਕੇ ਸਾਨੂੰ ਜੰਗਲੀ ਤੇ ਖ਼ੂੰਖਾਰ ਕੌਮ ਹੋਣ ਵੱਲ ਧੱਕ ਦੇਵੇਗੀ।

ਅਹਿਸਾਸ ਬਿਨਾਂ ਫਰਜ਼ ਨਹੀਂ ਜਾਗਦਾ, ਰੋਸ ਪੈਦਾ ਨਹੀਂ ਹੁੰਦਾ। ਕਿਉਂਕਿ ਇਹਨਾਂ ਹਾਲਤਾਂ ਕਰਕੇ ਪੰਜਾਬ ਦੀ ਭਾਸ਼ਾ, ਫਸਲ ਤੇ ਨਸਲ ਵੀ ਬੇਇਤਬਾਰੀ ਹੋ ਗਈ ਹੈ। ਮਾਪਿਆਂ ਨੂੰ ਪੁੱਤਰਾਂ ਪ੍ਰਤੀ ਚਿੰਤਾ ਤੇ ਬੇਇਤਬਾਰੀ ਹੈ ਕਿ ਕਿਤੇ ਉਹ ਚਿੱਟੇ ਦੇ ਨਸ਼ੇੜੀ ਨਾਂ ਬਣ ਜਾਣ। ਫਸਲਾਂ ਦਾ ਹਾਲ ਇਹ ਹੈ ਕਿ ਸਾਨੂੰ ਆਪਣੀ ਹੀ ਪੈਦਾ ਕੀਤੀ ਫਸਲ ਤੇ ਰੇਹਾਂ, ਸਪਰੇਆਂ ਕਾਰਨ ਬਹੁਕੰਪਨੀਆਂ ਦੇ ਮੁਨਾਫ਼ੇ 'ਚ ਇਜਾਫਾ ਕਰਕੇ ਦਿਲ ਦੀਆਂ ਬੀਮਾਰੀਆਂ, ਗੁਰਦਿਆਂ ਦਾ ਫੇਲ ਹੋ ਜਾਣਾ, ਦਿਮਾਗੀ ਨਾੜੀ ਦਾ ਫਟ ਜਾਣਾ ਜਾਂ ਨਸ਼ਿਆਂ ਦੀ ਵੱਧ ਮਾਤਰਾ ਲੈਣ ਤੇ ਜ਼ਾਨੀ ਦਾ ਖਤਮ ਹੋ ਜਾਣਾ, ਕਰਜ਼ਿਆਂ ਦੀ ਨਿਰਾਸ਼ਾ ਵਿਚ ਖੁਦਕਸ਼ੀਆਂ ਦਾ ਵੱਧ ਰਿਹਾ ਰੁਝਾਨ 1980 ਤੋਂ 1995 ਤੱਕ ਚੱਲੇ ਅੱਤਵਾਦ ਦੇ ਰੁਝਾਨ ਤੋਂ ਘੱਟ ਨਹੀਂ ਹੈ। ਘਰੇ ਸਬਜ਼ੀ ਜਾਂ ਫਲ ਖਾਂਦੇ ਸਮੇਂ ਸਾਨੂੰ ਇਹ ਪਤਾ ਨਹੀਂ ਹੁੰਦਾ ਕਿ ਕੱਲ੍ਹ ਇਸ ਉੱਪਰ ਕਿਹੜੀ ਜ਼ਹਿਰ ਦਾ ਛਿੜਕਾਅ ਕੀਤਾ ਹੋਇਆ ਹੈ। ਆਪਣੀ ਫਸਲ ਤੇ ਬੇਇਤਬਾਰੀ ਕਰਕੇ ਅਸੀਂ ਰਾਜਸਥਾਨ ਦੀ ਟਰਾਲੀ ਦਾ ਹੋਕਾ ਸੁਣ ਕੇ ਮੂੰਗੀ, ਮੋਠ, ਛੋਲੇ ਖਰੀਦਣ ਲੱਗ ਪੈਂਦੇ ਹਾਂ। ਮੱਧ ਪ੍ਰਦੇਸ਼ ਤੋਂ ਦੁੱਗਣੇ ਭਾਅ ਤੇ ਕਣਕ ਖਰੀਦਦੇ ਹਾਂ। ਇਸ ਕਰਕੇ ਅਸੀਂ ਸੋਚਦੇ ਹਾਂ ਕਿ ਇਹਨਾਂ ਤੇ ਕੋਈ ਰੇਹ, ਰਸਾਇਣਕ ਸਪਰੇਅ ਨਹੀਂ ਕੀਤੀ ਹੋਈ ਹੈ। ਸਾਡਾ ਉਹਨਾਂ ਦੀ ਫਸਲ ਤੇ ਵਿਸ਼ਵਾਸ਼ ਹੈ ਆਪਣੀ ਤੇ ਨਹੀਂ। ਜਦੋਂ ਆਪਣੀ ਭਾਸ਼ਾ ਪ੍ਰਤੀ ਵੀ ਇਹ ਬੇਰੁਖੀ ਅਪਣਾ ਲਈ ਹੈ ਤਾਂ ਅਸੀਂ ਬੁੱਤ ਬਣ ਗਏ ਹਾਂ। ਲੱਚਰ ਗਾਇਕ ਤੁਹਾਡੇ ਘਰਾਂ ਵਿਚ ਦੂਰਦਰਸ਼ਨ ਤੇ ਹਰ ਰੋਜ਼ ਤੁਹਾਡੀ ਪੱਗ ਤੇ ਠੁੱਡੇ ਮਾਰ ਰਹੇ ਹਨ। ਧਾਗੇ, ਤਵੀਤ, ਰਾਸ਼ੀ ਨਗ ਤੇ ਪੁੱਡਾ ਲੈ ਕੇ ਡੇਰਿਆਂ ਤੇ ਮੱਸਿਆ ਪੁੰਨਿਆਂ ਜਾਂ ਦੇਹਧਾਰੀ ਸਾਧਾਂ ਦੀਆਂ ਬਰਸੀਆਂ ਤੇ ਹਾਜ਼ਰੀ ਭਰ ਕੇ ਤੁਹਾਡੀ ਗ਼ੈਰਤ ਦੀ ਪੱਗ ਦਾ ਤੁਰਲਾ ਮਾਣਮੱਤਾ ਨਹੀਂ ਹੋ ਸਕਦਾ। ਕਿਉਂਕਿ ਸਾਨੂੰ ਦੁਸ਼ਮਣ ਦੀ ਪਠਾਣ ਭੁੱਲ ਗਈ ਹੈ। ਜਦ ਕੋਈ ਲੱਚਰ ਗਾਇਕ ਤੁਹਾਡੇ ਘਰ ਦੇ ਦੂਰਦਰਸ਼ਨ ਜਾਂ ਵਿਆਹਾਂ ਤੇ ਲਗਾਏ ਜਾਂਦੇ ਡੀ.ਜੇ. ਤੇ ਤੁਹਾਡੀਆਂ ਧੀਆਂ-ਭੈਣਾਂ ਤੇ ਪੋਤਰੀਆਂ ਨੂੰ ਸ਼ਰਮਸਾਰ ਜਾਂ ਬੇਲੱਜ ਕਰਦਾ ਹੋਇਆ ਕਹਿੰਦਾ ਹੈ ਕਿ "ਜਿੰਨੇ ਗਲ ਦੀ ਗਾਨੀ ਦੇ ਤੇਰੇ ਮਣਕੇ ਓਨੇ ਤੇਰੇ ਯਾਰ ਬੱਲੀਏ।" ਕੀ ਤੁਹਾਨੂੰ ਆਪਣੀਆਂ ਧੀਆਂ ਭੈਣਾਂ ਦੇ ਐਨੇ ਯਾਰ ਮਨਜ਼ੂਰ ਹਨ? ਕੋਈ ਉਹਨਾਂ ਦਾ ਲੱਕ ਟਵੰਟੀ ਏਟ ਕੁੜੀ ਦਾ ਕਹਿ ਕੇ ਸਿਰ ਤੋਂ ਲੈ ਕੇ ਪੈਰਾਂ ਤੱਕ ਨੰਗੀ ਕਰਦਾ ਹੈ। ਕੋਈ ਧੀ ਕੋਲੋਂ ਅਖਵਾ ਰਿਹਾ ਹੈ ਕਿ ਉਹ ਮਾਪਿਆਂ ਦੇ ਦੁੱਧ 'ਚ ਨੀਂਦ ਵਾਲੀਆਂ ਗੋਲੀਆਂ ਪਾ ਕੇ ਯਾਰ ਨੂੰ ਮਿਲਣ ਆਈ ਹੈ। ਅਜਿਹੇ ਅਨੇਕਾਂ ਬੇਸ਼ਰਮੀ ਭਰੇ ਬੋਲਾਂ ਨੂੰ ਤੁਹਾਡੀ ਬੇਗ਼ੈਰਤੀ ਬਰਦਾਸ਼ਤ ਹੀ ਨਹੀਂ ਕਰ ਰਹੀ ਸਗੋਂ ਪੰਜਾਬੀ ਆਪਣੀਆਂ ਪੋਤਰੀਆਂ ਦੇ ਹਾਣ ਦੀਆਂ ਧੀਆਂ 'ਚ ਜਾਮ ਪਾ ਕੇ ਨੱਚਦੇ ਹਨ। ਕੀ ਇਹ ਸਾਡੀ ਜਹਿਨੀਅਤ ਵਿਚ ਅਬਦਾਲੀ ਦਾ ਮੁੜ ਵਸੇਬਾ ਨਹੀਂ ਹੈ। ਉਹ ਤਾਂ ਤਲਵਾਰ ਦੇ ਜ਼ੋਰ ਤੇ ਧੀਆਂ ਨੂੰ ਬਾਂਧਾਂ ਬਣਾਉਂਦਾ ਸੀ ਤੇ ਤੁਹਾਡੇ ਇਹ ਹਰਮਨ ਪਿਆਰੇ ਲੱਚਰ ਗਾਇਕ ਜਿੰਨਾਂ ਦੇ ਸਿਰਾਂ ਤੇ ਤੁਸੀਂ ਫੁਲਕਾਰੀਆਂ ਤਾਣ ਕੇ ਗੱਲਾਂ 'ਚ ਫੁੱਲਾਂ ਦੇ ਹਾਰ ਪਾ ਕੇ ਸਟੇਜਾਂ ਤੇ ਲਿਆਉਂਦੇ ਹੋ ਤਾਂ ਤੁਹਾਡੀ ਅਣਖ ਵਾਲੀ ਦਸਤਾਰ ਉਹਨਾਂ ਦੀ ਜੁੱਤੀ ਥੱਲੇ ਹੁੰਦੀ ਹੈ। ਜਦ ਉਹ ਕਿੱਲ ਕੇ ਤੁਹਾਡੇ ਵੱਲ ਇਸ਼ਾਰਾ ਕਰਕੇ ਗਾਉਂਦੇ ਹਨ ਕਿ

"ਧੀ ਤਾਂ ਥੋਡੀ ਜੱਟੋ ਤੁਰਗੀ ਨਾਲ ਮਲੰਗਾਂ ਦੇ"

ਇਹ ਬੋਲ ਸੁਣ ਕੇ ਤੁਸੀਂ ਸੌ-ਪੰਜਾਹ ਦਾ ਨੋਟ ਇਨਾਮ ਵਿਚ ਦੇ ਕੇ ਗੁਰਮੁਖੀ ਭਾਸ਼ਾ ਤੇ ਮਾਂ ਬੋਲੀ ਨਾਲ ਗੱਦਾਰੀ ਹੀ ਨਹੀਂ ਕਰਦੇ ਸਗੋਂ ਮਾਂ ਦੀ ਅਸਮਤ ਨਾਲ ਖੇਹ ਖਾਂਦੇ ਹੋ। ਜਦੋਂ ਪੰਜਾਬੀ ਭਾਸ਼ਾ ਵਿਚ "ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ" ਵਾਲਾ ਅਹਿਸਾਸ ਪ੍ਰਬਲ ਹੋ ਗਿਆ ਤਾਂ ਪੰਜਾਬੀ ਭਾਸ਼ਾ ਨੂੰ ਲੁੱਚਿਆ ਦੀ ਗੁੰਡਿਆਂ ਦੀ ਭਾਸ਼ਾ ਬਣਾਉਣ ਵਾਲੇ ਨਚਾਰਾ ਦੇ ਸਿਰ ਸਾਹਿਬਜ਼ਾਦਿਆਂ ਵੱਲੋਂ ਮੁਗਲਾਂ ਦੇ ਲਾਹੇ ਸਿਰਾਂ ਵਾਂਗ ਮਾਂ ਬੋਲੀ ਪ੍ਰਤੀ ਫਰਜ਼ਾਂ ਦੀ ਜੰਗ ਦੇ ਮੈਦਾਨ ਵਿਚ ਪਏ ਹੋਣਗੇ। ਪਰ ਮੰਜ਼ਲ ਅਜੇ ਬਹੁਤ ਦੂਰ ਹੈ। ਅਸੀਂ ਤਾਂ ਮੱਕੜੀ ਵਾਂਗ ਆਪਣੇ ਹੀ ਜਾਲ ਵਿਚ ਫਸੇ ਹੋਏ ਹਾਂ। ਜਦ ਲੱਚਰ ਗੀਤਾਂ ਤੇ ਅਮਲ ਕਰਕੇ ਧੀ ਭੈਣ ਉਧਲ ਜਾਂਦੀ ਹੈ ਤਾਂ ਫਿਰ ਸਾਨੂੰ ਪੱਗ ਤੇ ਲੱਗਾ ਦਾਗ ਵੀ ਬਰਦਾਸ਼ਤ ਨਹੀਂ ਹੁੰਦਾ। ਫੋਕੀ ਅਣਖ਼ ਖਾਤਰ ਕਤਲ ਕਰਕੇ ਜੇਲ੍ਹਾਂ, ਮੁਕੱਦਮੇ ਤੇ ਵਕੀਲਾਂ ਰਾਹੀਂ ਪਿਓ ਦਾਦੇ ਦੀ ਕਮਾਈ ਵੀ ਰੋੜ੍ਹ ਦਿੰਦੇ ਹਾਂ। ਇਹ ਮਾਂ ਬੋਲੀ ਦਾ ਤੁਹਾਨੂੰ ਸਰਾਪ ਹੈ। ਜੇ ਤੁਸੀਂ ਮਾਂ ਬੋਲੀ ਦੀ ਤਸੀਰ ਨੂੰ ਮਾਰੋਗੇ ਤਾਂ ਮੇਰਾ ਦਾਗਿਸਤਾਨ ਦੀ ਮਾਂ ਵਾਂਗ ਪੰਜਾਬੀ ਮਾਂ ਬੋਲੀ ਵੀ ਆਪ ਦੇ ਬੇਗ਼ੈਰਤ ਤੇ ਅਣਖ਼ ਪੱਖੋਂ ਮਰੇ ਪੁੱਤਰਾਂ ਦੇ ਹਸ਼ਰ ਤੇ ਮੂੰਹ ਤੇ ਪੱਲੂ ਲਵੇਗੀ।

ਇਸ ਰੁਝਾਨ ਸਦਕਾ ਜਦੋਂ ਅਸੀਂ ਪੰਜਾਬੀ ਖੁਦ ਅਣਖ਼ ਤੋਂ ਸੱਖਣੇ ਹਾਂ, ਲਾਪ੍ਰਵਾਹ ਹਾਂ ਤਾਂ ਸਾਡੀ ਸੋਚ ਵਿਚ ਫਰਾਂਸੀਸੀਆਂ, ਅਰਬੀ, ਚੀਨੀ, ਰੂਸੀ, ਕੋਰੀਅਨ ਤੇ ਜਪਾਨੀ ਭਾਸ਼ਾ ਨੂੰ ਪਿਆਰ ਕਰਨ ਵਾਲਿਆਂ ਵਰਗਾ ਪਿਆਰ ਨਹੀਂ ਆ ਸਕਦਾ। ਜੇ ਸਾਡੇ ਪੰਜਾਬੀ ਪਿਆਰਿਆਂ ਦੇ ਮਨ 'ਚ ਇਹ ਅਹਿਸਾਸ ਹੋਵੇ ਕਿ ਜਿਵੇਂ ਸੁੰਦਰ ਲਾਲ ਬਹੁਗੁਣਾ ਦਰੱਖ਼ਤ ਕੱਟਣ ਆਏ ਲੋਕਾਂ ਤੋਂ ਦਰੱਖ਼ਤਾਂ ਨੂੰ ਬਚਾਉਣ ਲਈ ਉਹਨਾਂ ਨਾਲ ਚਿਪਕ ਕੇ ਚਿਪਕੋ ਅੰਦੋਲਨ ਚਲਾ ਦਿੱਤਾ ਸੀ। ਵਿਰਸਾ ਮੁੰਡੇ ਨੇ ਅਣਖ਼ ਪੈਦਾ ਕੀਤੀ ਸੀ ਤਾਂ ਅਸੀਂ ਗੁਰੂ ਦੇ ਸਿੰਘ ਹੋ ਕੇ, ਨਿੱਤਨੇਮ ਕਰਨ ਵਾਲੇ, ਲੰਗਰ, ਛਬੀਲਾਂ ਲਗਾ ਕੇ ਸੇਵਾ ਭਾਵਨਾ ਰੱਖਣ ਵਾਲੇ ਆਪਣੀ ਮਾਂ ਨੂੰ ਬਚਾਉਣ ਲਈ ਮਾਂ ਨੂੰ ਨੰਗਾ ਕਰਨ ਵਾਲੇ ਲੱਚਰ ਹੱਥਾਂ ਨੂੰ ਕਿਉਂ ਨਹੀਂ ਰੋਕ ਸਕੇ? ਕੀ ਇਹ ਸਾਡਾ ਦੋਗਲਾ ਵਰਤਾਰਾ ਨਹੀਂ ਹੈ? ਇਸ ਵਰਤਾਰੇ ਨੇ ਸਾਨੂੰ (ਬਾਬਾ ਫਰੀਦ, ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਜਦ ਸਾਰੇ ਹੀਲੇ ਬੇਕਾਰ ਹੋ ਜਾਣ ਤਾਂ ਹਥਿਆਰ ਚੁੱਕਣਾ ਜਾਇਜ਼ ਹੈ, ਬੰਦਾ ਬਹਾਦਰ ਜੀ ਨੇ ਵੀ ਸਾਧੂ ਬਿਰਤੀ ਤੋਂ ਉੱਪਰ ਉੱਠ ਕੇ ਅਜਿਹਾ ਕੀਤਾ ਸੀ) ਸਭ ਭੁਲਾ ਦਿੱਤੇ ਹਨ। ਸਾਨੂੰ ਪੰਜਾਂ ਪਿਆਰਿਆਂ ਦੇ ਨਾਮ ਯਾਦ ਨਹੀਂ। ਭਗਤ ਸਰਾਭੇ ਤੇ ਊਧਮ ਸਿੰਘ ਦੇ ਕਾਰਨਾਮੇ ਤੇ ਮਿਤੀਆਂ ਯਾਦ ਨਹੀਂ ਕਿਉਂਕਿ ਪਹਿਲੀ ਤੋਂ ਲੈ ਕੇ ਅੱਠਵੀਂ ਤੱਕ ਬਿਨਾਂ ਪੜ੍ਹੇ ਪਾਸ ਹੋਣ ਵਾਲੀ ਸਿੱਖਿਆ ਨੀਤੀ ਨੇ ਸਾਨੂੰ ਕਿਤਾਬਾਂ ਤੋਂ ਦੂਰ ਕਰਕੇ ਦੂਰਦਰਸਨ ਦੇ ਨੇੜਲੇ ਲੱਚਰ ਵਰਤਾਰੇ, ਨੈਟ ਤੇ ਹੋਰ ਤਕਨੀਕਾਂ ਨੇ ਪੰਜਾਬੀ ਹੀ ਨਹੀਂ ਰਹਿਣ ਦਿੱਤਾ ਜਿਸ ਦਾ ਸ਼ਿਕਾਰ ਸੁੱਚਾ ਸਿੰਘ ਲੰਗਾਹ ਵਰਗੇ ਵੀ ਹੋ ਗਏ। ਜੇ ਏਹੀ ਹਾਲ ਰਿਹਾ ਤੰ ਜਿਊਂਦੇ ਜੀ ਮਰ ਜਾਵਾਂਗੇ। ਮਾਂ ਬੋਲੀ ਤੇ ਭਾਸ਼ਾ ਪ੍ਰਤੀ ਅਜਿਹੀ ਬੇਗਾਨਗੀ ਤੇ ਨਾਂ-ਸ਼ੁਕਰੇਪਣ ਦਾ ਸਰਾਪ ਸਭ ਦੇ ਸਿਰ ਹੋਵੇਗਾ। ਸਾਡੀ ਇਸ ਬੇਰੁਖੀ ਨੂੰ ਪੰਜਾਬੀ ਪਿਆਰੇ ਨੇ ਹੂਕਮ ਾਰੀ ਹੈ ਕਿ

**ਜਿਊਂਦੇ ਜੀ ਨਾਂ ਜਿੰਨਾ ਨੇ ਬਾਤ ਪੁੱਛੀ**
**ਵੇ ਮੈਂ ਬੋਲੀ ਹਾਂ ਉਹਨਾਂ ਪੰਜਾਬੀਆਂ ਦੀ।**

ਇਸ ਹੂਕ ਨੂੰ ਸੁਣੋ ਤੇ ਮਨ ਮਸਤਕ ਤੇ ਜ਼ਮੀਰਾਂ ਦੇ ਤਰਾਜੂ ਵਿਚ ਪਾ ਕੇ ਖਰੇ ਖੋਟੇ ਦੀ ਪਰਖ ਕਰੋ। ਹੁਣ ਜਾਗਣ ਦਾ ਵੇਲਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਜਦੋਂ ਜਾਗੋ ਉਦੋ ਹੀ ਸਵੇਰਾ ਹੈ। ਇਹਨਾਂ ਸ਼ਬਦਾਂ ਨਾਲ ਪੰਜਾਬੀ ਭਾਸ਼ਾ ਪ੍ਰਤੀ ਇਸਦੇ ਪਿਆਰਿਆਂ ਨੂੰ ਮਾਂ ਨੂੰ ਕਲਾਵੇ ਵਿਚ ਲੈ ਕੇ ਬੇਕਦਰੀ ਦੇ ਬਿਰਧ ਘਰ 'ਚੋਂ ਕੱਢ ਕੇ ਪਟਰਾਣੀ ਬਣਾਉਣ ਤੇ ਜਾਗਦੇ ਰਹਿਣ ਦਾ ਹੋਕਾ ਹੈ। ਨਹੀਂ ਤਾਂ ਮਾਂ ਬੋਲੀ ਦੇ ਕੰਨਾਂ ਵਿਚ ਸ਼ੁੱਧ ਸੋਨੇ ਵਰਗੇ ਅਣਖ਼ ਭਰੇ ਸ਼ਬਦਾਂ ਨੂੰ ਝਪਟਣ ਵਾਲੇ ਲੁਟੇਰੇ ਚੋਰ ਤੇ ਠੱਗ ਵਣਜਾਰੇ ਇਸ ਦੁਆਲੇ ਮੰਡਰਾ ਰਹੇ ਹਨ। ਵਿਦੇਸ਼ੀਆਂ ਦੇ ਹਮਲਿਆਂ ਵਾਂਗ ਇਹਨਾਂ ਨਾਲ ਸੇਰ ਨੂੰ ਸਵਾ ਸੇਰ ਬਣ ਕੇ ਸਿੱਝਣ ਦੀ ਲੋੜ ਹੈ। ਜੇ ਮੂੰਹ ਫੇਰ ਲਵੋਗੇ ਤਾਂ ਪੰਜਾਬ ਵਿਚ ਮਹਿਕ ਵਤਨ ਦੀ ਨਹੀਂ ਆਵੇਗੀ। ਪੰਜਾਬ ਧਰਤੀ ਦਾ ਨਰਕ ਬਣ ਜਾਵੇਗਾ ਜੇ ਜਾਗ ਪਏ ਤਾਂ ਸਵਰਗ ਬਣਾ ਸਕਦੇ ਹਾਂ। ਇਹ ਮਹਿਕ ਵਤਨ ਦੀ ਤੁਹਾਡੇ ਮਨ ਮਸਤਕ ਤੇ ਦਸਤਕ ਹੈ। ਇਕ ਵੇਦਨਾ ਹੈ ਫੈਸਲਾ ਤੁਹਾਡੀ ਸਮਝ ਤੇ ਹੈ।

ਆਮੀਨ!

## ਬਾਬਾ ਨਜਮੀ ਦੀ ਪੰਜਾਬੀ ਕਵਿਤਾ

### 1. ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ

ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ।

ਲੋਕੀ ਮੰਗ ਮੰਗਾ ਕੇ ਆਪਣਾ, ਬੋਹਲ ਬਣਾ ਕੇ ਬਹਿ ਗਏ ਨੇ;
ਅਸਾਂ ਤਾਂ ਮਿੱਟੀ ਕਰ ਦਿੱਤਾ ਏ, ਸੋਨਾ ਗਾਲ ਪੰਜਾਬੀ ਦਾ।

ਜਿਹੜੇ ਆਖਣ ਵਿਚ ਪੰਜਾਬੀ, ਵੁਸਅਤ ਨਹੀਂ ਤਹਿਜ਼ੀਬ ਨਹੀਂ;
ਪੜ੍ਹ ਕੇ ਵੇਖਣ ਵਾਰਸ, ਬੁੱਲ੍ਹਾ, ਬਾਹੂ, ਲਾਲ ਪੰਜਾਬੀ ਦਾ।

ਮਨ ਦਾ ਮਾਸ ਖਵਾ ਦੇਂਦਾ ਏ, ਜਿਹੜਾ ਏਹਨੂੰ ਪਿਆਰ ਕਰੇ;
ਕੋਈ ਵੀ ਜਬਰਨ ਕਰ ਨਹੀਂ ਸਕਦਾ, ਵਿੰਗਾ ਵਾਲ ਪੰਜਾਬੀ ਦਾ।

Scanned with CamScanner

## ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨਾਲ ਸਾਂਝਾ ਕਰੋ!

'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

## ਆਪਣੇ ਸਮਾਗਮਾਂ ਦਾ ਸਿੱਧਾ ਪ੍ਰਸ਼ਾਰਨ ਕਰਵਾਓ !

## 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ...

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਪੰਜਾਬੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।

International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' • ਲਾਈਵ




Monthly Magazine # Daily Online Newspaper # Web TV Channel

ਨੋਟ: ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

**Help Line: 9988 92 9988**

www.mehakwatandilive.com

---



ੴ ਸਤਿਗੁਰ ਪ੍ਰਸਾਦਿ ॥

"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"



## ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ

## ਸਮੂੰਹ ਸਾਧ ਸੰਗਤ ਜੀ ਨੂੰ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ!



ਮੁੱਖ ਸੇਵਾਦਾਰ

## ਸੰਤ ਬਾਬਾ ਪਵਨਦੀਪ ਸਿੰਘ ਜੀ

ਕੜਿਆਲ ਵਾਲੇ

Scanned with CamScanner




ਬਾਲ ਕਹਾਣੀ

# ਤੋਰ ਦਾ ਘਮੰਡ

ਰਾਜਾ ਜੰਡਿਆਲੀ

ਆਂਢ-ਗੁਆਂਢ 'ਚ ਹੋਣ ਨਾਤੇ ਇਕ ਊਠ ਤੇ ਘੋੜੇ ਵਿਚਕਾਰ ਕਾਫ਼ੀ ਨੇੜਤਾ ਤਾਂ ਸੀ ਪ੍ਰੰਤੂ ਘੋੜਾ ਕਦੇ-ਕਦਾਈ ਹੰਕਾਰ ਵਿਚ ਗੱਲ ਕਰ ਜਾਂਦਾ ਸੀ। ਉਸ ਨੂੰ ਆਪਣੀ ਤੋਰ ਉੱਤੇ ਕਾਫ਼ੀ ਮਾਣ ਸੀ ਉਹ ਕਾਫ਼ੀ ਤੇਜ਼ ਤੁਰ ਲੈਂਦਾ ਹੈ ਜਦ ਕਿ ਊਠ ਦੇ ਤੁਰਨ ਦੀ ਚਾਲ ਬਹੁਤੀ ਤੇਜ਼ ਨਹੀਂ।

ਇਕ ਵਾਰ ਜੰਗਲ ਵਿਚ ਅਜਿਹੇ ਸ਼ਿਕਾਰੀ ਆ ਵੜੇ ਜੋ ਕਿ ਜੰਗਲ ਵਿਚੋਂ ਘੋੜੇ ਤੇ ਊਠ ਫੜ-ਫੜ ਕੇ ਵਪਾਰੀਆਂ ਪਾਸ ਸਾਮਾਨ ਢੋਣ ਵਾਸਤੇ ਕਾਫ਼ੀ ਕੀਮਤ 'ਤੇ ਵੇਚਦੇ ਸਨ। ਘੋੜੇ ਨੂੰ ਇਸ ਬਾਰੇ ਖ਼ਬਰ ਹੋਈ ਤਾਂ ਉਹ ਝੱਟ ਪੱਟ ਊਠ ਦੇ ਘਰ ਦੱਸਣ ਗਿਆ।

ਊਠ ਨੇ ਉਸ ਨੂੰ ਕਿਹਾ "ਘੋੜਿਆ, ਫਿਰ ਤਾਂ ਸਾਨੂੰ ਛੇਤੀ ਨਾਲ ਹੀ ਇਹ ਜੰਗਲ ਛੱਡ ਜਾਣਾ ਚਾਹੀਦਾ ਹੈ, ਵਰਨਾ ਆਪਾਂ ਸ਼ਿਗਾਰਿਆਂ ਦੁਆਰਾ ਪਕੜੇ ਜਾਵਾਂਗੇ ਤੇ ਸਾਰੀ ਉਮਰ ਮਾਨਵ ਦੀ ਗੁਲਾਮੀ 'ਚ ਭਾਰ ਢੋਆਂਗੇ।"

"ਹਾਂ, ਊਠ, ਮੇਰਾ ਮਨ ਵੀ ਕੁਝ ਅਜਿਹੀ ਹੀ ਚਾਹੁੰਦੈ ਕਿ ਆਪਾਂ ਕਿਸੇ ਦੂਜੇ ਸੁਰੱਖਿਅਤ ਜੰਰਲ 'ਚ ਜਾ ਪਹੁੰਚੀਏ ਪਰ ਮੈਨੂੰ ਤੇਰਾ ਫ਼ਿਕਰ ਹੈ ਕਿਉਂਕਿ ਮੈਂ ਝੱਟਪੱਟ ਦੌੜ ਕੇ ਨਿਕਲ ਜਾਣਾ ਹੈ ਪਰ ਨੂੰ ਮੱਧਮ ਚਾਲ 'ਚ ਪਿੱਛੇ ਹੀ ਰਹਿ ਜਾਵੇਗਾ ਤੇ ਸ਼ਿਕਾਰੀਆਂ ਦੇ ਹੱਥ ਆਵੇਗਾ।" ਘੋੜੇ ਦੇ ਬੋਲਾਂ 'ਚ ਅਜੇ ਵੀ ਹੰਕਾਰ ਸੀ।

"ਚੱਲ, ਉਹ ਤਾਂ ਸਭ ਕੁਝ ਮੇਰੀ ਕਿਸਮ ਹਵਾਲੇ ਸਹੀ।...ਇਥੋਂ ਤਾਂ ਆਪਾਂ ਹੁਣ ਤੁਰੀਏ।" ਕਹਿ ਕੇ ਊਠ ਘੋੜੇ ਨਾਲ ਉਥੋਂ ਤੁਰ ਪਿਆ।

ਕੁਝ ਸਮਾਂ ਉਹ ਚਲਦੇ ਰਹੇ। ਘੋੜਾ ਜੰਗਲ ਦੀ ਬਾਹਰਲੀ ਹੱਦ 'ਤੇ ਜਾ ਪਾਹੁੰਚਾ। ਜਦ ਕਿ ਊਠ ਅਜੇ ਕਾਫ਼ੀ ਪਿੱਛੇ ਆ ਰਿਹਾ ਸੀ। ਘੋੜੇ ਨੇ ਉਥੇ ਬੈਠ ਕੇ ਊਠ ਦੀ ਉਡੀਕ ਕਰਨੀ ਸ਼ੁਰੂ ਕਰ ਦਿੱਤੀ। ਕਾਫ਼ੀ ਦੇਰ ਮਗਰੋਂ ਉਹ ਉਥੇ ਅੱਪੜਿਆ।

"ਯਾਰ ਤੂੰ ਆਪ ਤਾਂ ਲੱਗਦੈ ਸ਼ਿਕਾਰੀਆਂ ਹੱਥ ਆਉਣਾ ਹੈ, ਨਾਲ ਮੈਨੂੰ ਵੀ ਫ਼ਸਾਏਗਾ।.....ਮੈਂ ਕਦੋਂ ਵੀ ਤੇਰੀ ਉਡੀਕ ਕਰ ਰਿਹਾ ਹਾਂ। ਹੁਣ ਤੱਕ ਮੈਂ ਮਾਰੂਥਲ ਤੱਕ ਦਾ ਸਾਰਾ ਪੈਂਡਾ ਦੌੜ ਕੇ ਤੈਅ ਕਰ ਜਾਣਾ ਸੀ। ਘੋੜਾ ਉਸ ਨੂੰ ਗੁੱਸੇ 'ਚ ਰਹਿ ਰਿਹਾ ਸੀ।"

ਠੀਕ ਹੈ ਘੋੜਿਆ! ਤੂੰ ਜਿਵੇਂ ਮਰਜ਼ੀ ਕਰਾ।...ਮੈਨੂੰ ਭਾਵੇਂ ਜੋ ਮਰਜ਼ੀ ਹੋ ਜਾਵੇ, ਤੂੰ ਉਡੀਕ ਨਾ ਕਰੀ।.... ਤੂੰ ਆਪਣੀ ਜਾਨ ਬਚਾ ਕੇ ਨਿਕਲ ਜਾ। ਊਠ ਨੇ ਰੌਅਬ ਨਾਲ ਘੋੜੇ ਨੂੰ ਕਿਹਾ ਜੰਗਲ ਨਾਲ ਕੁਝ ਮੈਦਾਨੀ ਇਲਾਕੇ ਸੀ ਤੇ ਉਸ ਤੋਂ ਅੱਗੇ ਮਾਰਥੂਲ ਤੇ ਉਸਦੇ ਨਾਲ ਇਕ ਜੰਗਲ ਸੀ। ਘੋੜਾ ਊਠ ਦੀ ਕੋਈ ਵੀ ਪ੍ਰਵਾਹ ਨਾ ਕਰਦਾ ਅੱਗੇ ਵੱਲ ਤੁਲ ਪਿਆ। ਉਸ ਨੇ ਰਸਤੇ ਵਿਚ ਰੁਕ ਕੇ ਕਿਤੇ ਵੀ ਊਠ ਦੀ ਉਡੀਕ ਨਾ ਕੀਤੀ। ਊਠ ਵੀ ਤੁਰਦਾ ਮੈਦਾਨੀ ਇਲਾਕੇ 'ਚ ਪਹੁੰਚ ਗਿਆ।



ਸ਼ਿਕਾਰੀਆਂ ਨੂੰ ਵੀ ਇਸ ਬਾਰੇ ਖ਼ਬਰ ਹੋ ਗਈ ਸੀ ਇਸ ਜੰਗਲ ਦਾ ਘੋੜਾ ਤੇ ਊਠ ਮਾਰੂਥਲ ਨਾਲ ਲੱਗਦੇ ਜੰਗਲ ਵੱਲ ਦੌੜ ਗਏ। ਉਹ ਵੀ ਉਨ੍ਹਾਂ ਦੇ ਮਗਰ ਭੱਜ ਤੁਰੇ। ਕੁਝ ਸਮੇਂ ਬਾਅਦ ਘੋੜਾ ਮਾਰੂਥਲ 'ਚ ਜਾ ਪਹੁੰਚਿਆ। ਰੇਤ ਵਿਚ ਦੌੜ ਨਾ ਉਸ ਦੇ ਲਈ ਮੁਸ਼ਕਿਲ ਬਣ ਗਿਆ। ਉਸ ਦੇ ਪੈਰ ਰੇਤ ਵਿਚ ਖੁੱਭਣ ਲੱਗੇ। ਉਧਰੋਂ ਊਠ ਹੌਲੀ-ਹੌਲੀ ਤੁਰਦਾ ਮਾਰੂਥਲ ਵਿਚ ਪਹੁੰਚ ਗਿਆ।

ਘੋੜਾ ਉੱਠਦਾ-ਡਿੱਗਦਾ ਤੁਰ ਰਿਹਾ ਸੀ। ਊਠ ਨੂੰ ਰੇਤ ਵਿਚ ਉਸ ਦੇ ਪੈਰਾਂ ਦੇ ਨਿਸ਼ਾਨ ਦਿੱਸੇ। ਉਹ ਸਮਝ ਗਿਆ ਕਿ ਘੋੜਾ ਵੀ ਇੱਧਰ ਦੀ ਲੰਘਿਆ ਹੈ। ਉਹ ਪੈਰਾਂ ਦੇ ਨਿਸ਼ਾਨਾਂ 'ਤੇ ਤੁਰਦਾ-ਤੁਰਦਾ ਘੋੜੇ ਨਾਲ ਜਾ ਰਲਿਆ।

ਘੋੜਾ ਉਸ ਨੂੰ ਵੇਖ ਕੇ ਬਹੁਤ ਹੈਰਾਨ ਹੋਇਆ ਤੇ ਕਹਿਣਾ ਲੱਗਾ, "ਤੂੰ ਤਾਂ ਮੇਰੇ ਨਾਲ ਹੀ ਆ ਪਹੁੰਚਿਆ ਏ।..ਮੈਂ ਤਾਂ ਸੋਚਿਆ ਸੀ....।"

"ਜੋ ਤੂੰ ਸੋਚਿਆ ਸੀ, ਉਹ ਨਹੀਂ ਹੋ ਸਕਿਆ। ਉਹ ਤੇਰੀ ਤੋਰ ਦਾ ਘਮੰਡ ਰੇਤ ਅੱਗੇ ਹਾਰ ਗਿਆ ਹੈ ਪਰ ਮੇਰੇ ਤਾਂ ਬਜ਼ੁਰਗ ਊਠ ਦੀ ਰੇਤ ਚਿਵ ਦੌੜਦੇ ਰਹੇ ਹਨ।... ਆ ਹੁਣ ਜ਼ਰਾ। ਮੇਰੇ ਨਾਲ ਨਾਲ ਰੇਤ ਵਿਚ ਤੁਰਨ ਦਾ ਮੁਕਾਬਲਾ ਕਰਕੇ ਵੇਖ...।" ਘੋੜੇ ਨੂੰ ਊਠ ਨੇ ਕਿਹਾ।

ਊਠ ਉਥੋਂ ਅੱਗੇ ਚਲਾ ਗਿਆ। ਘੋੜਾ ਰੇਤ ਵਿਚ ਖੁੱਭਦਾ-ਖੁੱਭਦਾ ਤੁਰਨ ਲੱਗਾ। ਸ਼ਿਕਾਰੀ ਇਕਦਮ ਉਸ ਦੇ ਕੋਲ ਆ ਗਏ। ਘੋੜੇ ਨੇ ਦੌੜਨ ਦਾ ਯਤਨ ਕੀਤਾ ਪਰ ਅਸਫ਼ਲ ਰਿਹਾ। ਸ਼ਿਕਾਰੀਆਂ ਨੇ ਉਸ ਨੂੰ ਦਬੋਚ ਲਿਆ ਅਤੇ ਆਪਣੀ ਗੱਡੀ ਵਿਚ ਸੁੱਟ ਕੇ ਲੈ ਗਏ। ਊਠ ਮਾਰੂਥਲ ਪਾਰ ਕਰਕੇ ਦੂਜੇ ਜੰਗਲ ਵਿਚ ਜਾ ਪਹੁੰਚਿਆ। ਉਸ ਨੇ ਜਾਂਦੇ ਨੇ ਹੀ ਜੰਗਲ ਦੇ ਸਾਰੇ ਜਾਨਵਰਾਂ ਨੂੰ ਸੁਚੇਤ ਕਰ ਦਿੱਤਾ ਕਿ ਸ਼ਿਕਾਰੀ ਉਨ੍ਹਾਂ ਦੇ ਜੰਗਲ ਵੱਲ ਵੀ ਆ ਸਕਦੇ ਹਨ।

ਉਸ ਜੰਗਲ ਵਿਚ ਕਾਫ਼ੀ ਊਠ ਤੇ ਘੋੜੇ ਸਨ। ਸਾਰੇ ਦੇ ਸਾਰੇ ਮਾਰੂਥਲ ਵਾਲੇ ਪਾਸੇ ਜੰਗਲ ਦੀ ਹੱਦ 'ਤੇ ਆ ਖੜ੍ਹੇ ਹੋਏ। ਸ਼ਿਕਾਰੀ ਘੋੜੇ ਕੋਲੋਂ ਊਠ ਬਾਰੇ ਪੁੱਛ ਕੇ ਉਸ ਦੇ ਮਗਰ-ਨਰ ਉਥੇ ਆ ਪਹੁੰਚੇ। ਮੁਹਰਿਓਂ ਘੋੜਿਆਂ ਤੇ ਊਠਾਂ ਨੇ ਬਾਕੀ ਜਾਨਵਰਾਂ ਨਾਲ ਰਲ ਕੇ ਸ਼ਿਕਾਰੀਆਂ ਵੱਲ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਸ਼ਿਕਾਰੀ ਡਰ ਕੇ ਗੱਡੀ ਲੈ ਕੇ ਪਿਛਾਂਹ ਵੱਲ ਮੁੜ ਪਏ।

ਗੱਡੀ ਵਿਚ ਸਹਿਮਿਆ ਬੈਠਾ ਘੋੜਾ ਦੂਜੇ ਜੰਗਲ ਦੇ ਜਾਨਵਰਾਂ ਵਿਚ ਖੜ੍ਹੇ ਊਠ ਨੂੰ ਮਨ ਹੀ ਮਨ ਵਿਚ ਕਹਿ ਰਿਹਾ ਸੀ, "ਸੱਚਮੁੱਚ ਤੇਰੀ ਤੋਰ ਜਿੱਤ ਗਈ। ਮੇਰੀ ਤੋਰ ਦਾ ਘਮੰਡ ਮੈਨੂੰ ਇਥੇ ਲੈ ਆਇਆ। ... ਤੂੰ ਹੁਣ ਕਦੇ ਵੀ ਨਹੀਂ ਰੁਕ ਸਕਦਾ ਕਿਉਂਕਿ ਮੇਰੇ ਕੋਲ ਤੋਰ ਦੀ ਯੋਗਤਾ ਹੈ। ...ਜਦ ਕਿ ਮੇਰੀ ਤੇਜ਼ ਤੋਰ ਅੱਜ ਮੇਰੇ ਲਈ ਵਿਅਰਥ ਹੋਈ ਹੈ।" ਊਠ ਵੀ ਉਸ ਵੱਲ ਗੁਹ ਨਾਲ ਵੇਖੀ ਜਾ ਰਿਹਾ ਸੀ।

ਪਿੰਡ-ਜੰਡਿਆਲਾ ਮੰਜਕੀ (ਜਲੰਧਰ)

ਦੇਸ਼ ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਖਾਲਸੇ ਦੇ ਜਨਮ ਦਿਹਾੜੇ ਵਿਸ਼ਾਖੀ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!





Happy Baisakhi

ਸ਼ੁੱਭ ਇਛਾਵਾਂ ਸਹਿਤ:
ਸੱਚਖੰਡ ਵਾਸੀ ਸੰਤ ਬਾਬਾ ਬਲਦੇਵ ਸਿੰਘ ਜੀ ਦੇ ਸੇਵਾਦਾਰ
ਭਾਈ ਹਰਪ੍ਰੀਤ ਸਿੰਘ 'ਡੋਨੀ' ਚੜਿੱਕ



ਸੱਚਖੰਡ ਵਾਸੀ ਸੰਤ ਬਾਬਾ ਬਲਦੇਵ ਸਿੰਘ ਜੀ
ਮੰਡੀਰਾਂ ਵਾਲੇ

Scanned with CamScanner

## ਮੇਰੀ ਨਿੱਜੀ ਡਾਇਰੀ ਦੇ ਕੁਝ ਪੰਨੇ - 2

# ਸਾਡਾ ਹਰਦੁਆਰ ਦਾ ਪ੍ਰੈਸ ਸੈਮੀਨਾਰ

ਭਵਨਦੀਪ ਸਿੰਘ ਪੁਰਬਾ





ਮੈਨੂੰ ਮਾਲਵਾ ਮੇਲ ਦੇ ਮੁੱਖ ਸੰਪਾਦਕ ਸ੍ਰੀ ਫੂਲ ਮਿੱਤਲ ਜੀ ਦਾ ਪ੍ਰੈਸ ਸੈਮੀਨਾਰ ਲਈ ਸੱਦਾ ਆਇਆ। ਮੈਂ ਆਪਣੇ ਦੋਸਤਾਂ ਨਾਲ ਵਿਚਾਰ ਕੀਤਾ ਤਾਂ ਮੇਰੇ ਅਜੀਜ ਬਾਬਾ ਜਸਵੀਰ ਸਿੰਘ ਜੀ ਲੋਹਾਰਾ ਅਤੇ ਗੁਰਮੀਤ ਸਿੰਘ ਗੱਜਣਵਾਲਾ ਨੇ ਪ੍ਰੈਸ ਸੈਮੀਨਾਰ ਤੇ ਜਾਣ ਦੀ ਸਹਿਮਤੀ ਪ੍ਰਗਟਾਈ। ਸਾਡੇ ਕੁਝ ਹੋਰ ਸਟਾਫ਼ ਮੈਂਬਰ ਵੀ ਸੈਮੀਨਾਰ ਅਟੈਂਡ ਕਰਨਾ ਚਾਹੁੰਦੇ ਸਨ ਪਰ ਘਰੇਲੂ ਮਜਬੂਰੀਆਂ ਕਾਰਨ ਉਹ ਨਹੀਂ ਜਾ ਸਕੇ। ਸਾਡਾ ਇਹ ਪ੍ਰੈਸ ਸੈਮੀਨਾਰ ਸਮਾਲ ਐਂਡ ਮੀਡੀਅਮ ਨਿਊਜ਼ ਪੇਪਰ ਐਸੋਸੀਏਸ਼ਨ ਆਫ਼ ਇੰਡੀਆ ਦਾ ਸੈਮੀਨਾਰ ਸੀ, ਜੋ ਹਰਦੁਆਰ ਵਿਖੇ ਹੋਣਾ ਸੀ। ਸੈਮੀਨਾਰ ਵਿਚ ਜੋ ਏਜੰਡੇ ਸਨ ਉਹ ਤਾਂ ਸਾਡੇ ਨਿੱਜੀ ਸਨ ਪਰ ਹਰਿਦੁਆਰ ਦੀਆਂ ਹਸੀਨ ਵਾਦੀਆਂ ਵਿਚ ਜੋ ਕੁਝ ਤੱਕਿਆ ਉਹ ਪਾਠਕਾਂ ਦੀ ਜਾਣਕਾਰੀ ਲਈ ਬਿਆਨ ਕਰ ਰਿਹਾ ਹਾਂ।

ਮੈਂ ਬਾਬਾ ਜਸਵੀਰ ਸਿੰਘ ਜੀ ਲੁਹਾਰਾ ਅਤੇ ਗੁਰਮੀਤ ਸਿੰਘ ਗੱਜਣਵਾਲਾ ਅਸੀਂ ਨਿਰਧਾਰਤ ਤਰੀਕ 'ਤੇ ਪ੍ਰੈਸ ਸੈਮੀਨਾਰ ਅਟੈਂਡ ਕਰਨ ਲਈ ਮੋਗਾ ਤੋਂ ਹਰਿਦੁਆਰ ਰਵਾਨਾ ਹੋਏ। ਮੋਗਾ ਤੋਂ ਲੁਧਿਆਣੇ ਬਾਈ ਬੱਸ ਅਤੇ ਲੁਧਿਆਣਾ ਤੋਂ ਹਰਿਦੁਆਰ ਬਾਈ ਟਰੇਨ ਪਹੁੰਚੇ। ਟਰੇਨ ਲੁਧਿਆਣੇ ਤੋਂ ਸ਼ਾਮ ਨੂੰ 8 ਵਜੇ ਚੱਲ ਕੇ ਸਵੇਰੇ 5 ਵਜੇ ਹਰਿਦੁਆਰ ਪਹੁੰਚ ਗਈ। ਅਸੀਂ ਠੀਕ ਟਾਇਮ 'ਤੇ ਪ੍ਰੇਮ ਨਗਰ ਧਰਮਸ਼ਾਲਾ ਵਿਖੇ ਪਹੁੰਚੇ, ਜਿਥੇ ਸਾਡੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਐਸੋਸੀਏਸ਼ਨ ਵੱਲੋਂ ਕੀਤਾ ਗਿਆ ਸੀ। ਸੈਮੀਨਾਰ ਦੌਰਾਨ 2 ਘੰਟੇ ਸਵੇਰੇ ਅਤੇ 2 ਘੰਟੇ ਸ਼ਾਮ ਨੂੰ ਅਤੇ ਇਕ ਘੰਟਾ ਰਾਤ ਨੂੰ ਸਾਡੇ ਪੇਪਰਾਂ ਦੇ ਸੰਪਾਦਕ ਸਾਹਿਬਾਨਾਂ ਨੇ ਗੁਫ਼ਤਗੂ ਕਰਨੀ ਹੁੰਦੀ ਸੀ। ਬਾਕੀ ਸਮਾਂ ਅਸੀਂ ਹਰਿਦੁਆਰ ਘੁੰਮਣ ਵਿਚ ਬਤੀਤ ਕੀਤਾ।

ਹਰਿਦੁਆਰ ਵਿਚ ਵੱਡੇ-ਛੋਟੇ ਏਨੇ ਮੰਦਰ ਅਤੇ ਧਰਮਸ਼ਾਲਾਵਾਂ ਹਨ ਜਿਨ੍ਹਾਂ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ। ਗੰਗਾ ਦੇ ਆਲੇ-ਦੁਆਲੇ ਵਸਿਆ ਹਰਿਦੁਆਰ ਸ਼ਹਿਰ ਕੁਦਰਤ ਦਾ ਇਕ ਵੱਖਰਾ ਹੀ ਨਜ਼ਾਰਾ ਪੇਸ਼ ਕਰਦਾ ਹੈ। ਵੈਸੇ ਤਾਂ ਹਰਿਦੁਆਰ ਵਿਚ ਰਹਿਣ ਲਈ ਬਹੁਤ ਸਾਰੇ ਛੋਟੇ-ਵੱਡੇ ਹੋਟਲ ਹਨ, ਪਰ ਉਥੋਂ ਦੀਆਂ ਧਰਮਸ਼ਾਲਾਵਾਂ ਵਿਚ ਵੀ ਅਸਾਨੀ ਨਾਲ ਰਹਿਣ ਲਈ ਜਗ੍ਹਾ ਮਿਲ ਜਾਂਦੀ ਹੈ। ਪ੍ਰੇਮ ਨਗਰ ਧਰਮਸ਼ਾਲਾ ਜਿਸ ਵਿਚ ਸਾਡੇ ਰਹਿਣ ਦਾ ਪ੍ਰਬੰਧ ਸੀ, ਉਹ ਧਰਮਸ਼ਾਲਾ ਕਿਸੇ ਹੋਟਲ ਨਾਲੋਂ ਘੱਟ ਨਹੀਂ ਸੀ। ਉਸ ਧਰਮਸ਼ਾਲਾ ਵਿਚ ਅਟੈਚ ਬਾਥਰੂਮ, ਠੰਡੇ-ਗਰਮ ਪਾਣੀ ਦੀ ਸੁਵਿਧਾ ਸੀ।

ਪਹਿਲੇ ਦਿਨ ਅਸੀਂ ਹਰਿ ਕੀ ਪੌੜੀ ਗਏ। ਇਹ ਉਹ ਸਥਾਨ ਹੈ ਜਿਥੇ ਗੰਗਾ ਦੇ ਕਿਨਾਰੇ ਸ਼ਾਮ ਨੂੰ ਆਰਤੀ ਹੁੰਦੀ ਹੈ। ਟੱਲੀਆਂ ਦੀ ਛਣਕਾਰ ਅਤੇ ਦੀਵਿਆਂ ਨਾਲ ਸਜੇ ਥਾਲ ਲੈ ਕੇ ਜਦ ਸ਼ਰਧਾਲੂ ਆਰਤੀ ਕਰਦੇ ਹਨ ਤਾਂ ਸਾਰਾ ਆਕਾਸ਼ ਵੀ ਜਗਮਗਾ ਉਠਦਾ ਪ੍ਰਤੀਤ ਹੁੰਦਾ ਹੈ।

ਅਗਲੇ ਦਿਨ ਅਸੀਂ ਲਛਮਣ ਝੂਲਾ ਵੇਖਣ ਗਏ। ਲਛਮਣ ਝੂਲਾ ਗੰਗਾ ਉਪਰ ਦੀ ਬਣਿਆ ਹੋਇਆ ਪੁਲ ਹੈ। ਜਦ ਇਸ ਪੁਲ ਦੇ ਉਪਰੋਂ ਦੀ ਲੰਘੀਂਦਾ ਹੈ ਤਾਂ ਇਹ ਝੂਟੇ ਦਿੰਦਾ ਹੈ। ਪੁਰਾਤਨ ਇਤਿਹਾਸਕ ਯਾਦਗਾਰ ਇਹ ਪੁਲ ਹੁਣ ਚਾਹੇ ਆਧੁਨਿਕ ਤਰੀਕੇ ਨਾਲ ਬਣ ਗਿਆ ਹੈ ਪਰ ਯਾਦਗਾਰ ਉਸੇ ਤਰ੍ਹਾਂ ਕਾਇਮ ਹੈ। ਹੁਣ ਇਹ ਪੁਲ ਲੋਹੇ ਦੇ ਮਜ਼ਬੂਤ ਰੱਸਿਆਂ ਨਾਲ ਬਣਿਆ ਹੋਇਆ ਹੈ ਜੋ ਉਪਰੋਂ ਦੀ ਲੰਘਦੇ ਸੈਲਾਨੀਆਂ ਨਾਲ ਕੰਬਣ 'ਤੇ ਝੂਟੇ ਦਿੰਦਾ ਹੈ। ਅਗਲੇ ਦਿਨ ਵਿਚ ਅਸੀਂ ਹਰਿਦੁਆਰ ਦੇ ਹੋਰ ਵੇਖਣਯੋਗ ਸਥਾਨਾਂ ਵਿਚ ਹਰਿ ਕੀ ਪੌੜੀ, ਚੁਮੰਡਾ ਦੇਵੀ ਦਾ ਮੰਦਰ, ਮਨਸ਼ਾ ਦੇਵੀ ਦਾ ਮੰਦਿਰ, ਸੰਤ ਰਿਸ਼ੀ ਆਸ਼ਰਮ, ਸੰਤ ਸਰੋਵਰ, ਨੀਲ ਧਾਰਾ, ਪੰਛੀ ਵਿਹਾਰ ਆਦਿ ਵੇਖਿਆ।

ਹਰਿਦੁਆਰ ਜਾਣ ਲਈ ਸੜਕ ਮਾਰਗ ਅਤੇ ਰੇਲ ਮਾਰਗ ਹੀ ਉਪਲਬਧ ਹਨ। ਰੇਲ ਮਾਰਗ ਸਭ ਤੋਂ ਵਧੀਆ ਅਤੇ ਸਸਤਾ ਮਾਰਗ ਹੈ। ਦੁਨੀਆਂ ਦੇ ਕੋਨੇ-ਕੋਨੇ ਤੋਂ ਦੇਹਰਾਦੂਨ (ਉਤਰਾਖੰਡ) ਨੂੰ ਰੇਲਾਂ ਪਹੁੰਚਦੀਆਂ ਹਨ। ਦੇਹਰਾਦੂਨ ਤੋਂ ਸਿਰਫ਼ 35 ਕਿਲੋਮੀਟਰ ਦੀ ਦੂਰੀ 'ਤੇ ਹਰਿਦੁਆਰ ਸ਼ਹਿਰ ਸਥਿਤ ਹੈ। ਲੁਧਿਆਣਾ (ਪੰਜਾਬ) ਤੋਂ ਜਾਂਦੇ ਹੋਏ ਤਾਂ ਹਰਿਦੁਆਰ ਸਟੇਸ਼ਨ ਦੇਹਰਾਦੂਨ ਤੋਂ 35 ਕਿਲੋਮੀਟਰ ਪਹਿਲਾਂ ਹੀ ਆ ਜਾਂਦਾ ਹੈ। ਦੇਹਰਾਦੂਨ ਤੋਂ ਲੋਕਲ ਬੱਸ ਜਾਂ ਆਟੋ ਰਾਹੀਂ ਵੀ ਹਰਿਦੁਆਰ ਪਹੁੰਚਿਆ ਜਾ ਸਕਦਾ ਹੈ। ਖਾਣੇ ਦਾਣੇ ਵਿਚ ਹਰਿਦੁਆਰ ਵਿਚ ਚਾਵਲ ਜ਼ਿਆਦਾ ਮਿਲਦੇ ਹਨ। ਪੰਜਾਬੀ ਖਾਣੇ ਵੀ ਉਪਲਬਧ ਹਨ। ਫਾਸਟ ਫੂਡ ਜ਼ਿਆਦਾ ਨਹੀਂ ਹੈ ਪਰ ਜ਼ਰੂਰਤ ਮੁਤਾਬਕ ਉਪਲਬਧ ਹੋ ਜਾਂਦਾ ਹੈ। ਹਰਿਦੁਆਰ ਤੋਂ ਲਿਆਉਣਯੋਗ ਸਮੱਗਰੀ ਵਿਚ ਜ਼ਿਆਦਾਤਰ ਲੋਕ ਗੰਗਾ ਜਲ ਹੀ ਲੈ ਕੇ ਆਉਂਦੇ ਹਨ। ਸੌਗਾਤ ਵਜੋਂ ਦੇਣ ਲਈ ਚਾਬੀਆਂ ਦੇ ਛੱਲੇ ਜਿਨ੍ਹਾਂ 'ਤੇ ਨਾਮ ਵਗੈਰਾ ਲਿਖ ਕੇ ਦਿੱਤਾ ਜਾਂਦਾ ਹੈ, ਨਗਾਂ ਮੋਤੀਆਂ ਵਾਲੀਆਂ ਮੁੰਦੀਆਂ, ਗਾਨੀਆਂ ਆਦਿ ਹੀ ਹੁੰਦੀਆਂ ਹਨ। ਬਾਕੀ ਹੋਰ ਲਿਆਉਣਯੋਗ ਕੋਈ ਖਾਸ ਚੀਜ਼ ਨਹੀਂ ਹੈ। ਫਲਾਂ ਵਿਚ ਅੰਬ ਅਤੇ ਲੀਚੀਆਂ ਆਦਿ ਜ਼ਿਆਦਾ ਮਿਲਦੀਆਂ ਹਨ।

ਇਸੇ ਤਰ੍ਹਾਂ ਕੁਝ ਦਿਨਾਂ ਦੇ ਸੈਮੀਨਾਰ ਦੀ ਸਮਾਪਤੀ ਤੋਂ ਬਾਅਦ ਅਸੀਂ ਵਾਪਸ ਪੰਜਾਬ ਆਉਣ ਦੀ ਬਜਾਏ ਮਨਸੂਰੀ ਵਿਖੇ ਚਲੇ ਗਏ। ਜਿਸ ਦਾ ਬਿਆਨ ਆਉਣ ਵਾਲੇ ਅੰਕਾਂ ਵਿਚ ਕਰਾਂਗੇ।



ਹਰਦੁਆਰ ਵਿਖੇ ਹੋਏ ਨਿਊਜ ਪੇਪਰ ਸੈਮੀਨਾਰ ਸਮੇ ਸਾਬਕਾ ਉਪ-ਰਾਸਟਰਪਤੀ ਭੈਰੋ ਸਿੰਘ ਸੇਖਾਵਤ ਦੇ ਨਾਲ "ਮਹਿਕ ਵਤਨ ਦੀ" ਪੇਪਰ ਦੇ ਚੀਫ ਐਡੀਟਰ ਭਵਨਦੀਪ ਸਿੰਘ ਪੁਰਬਾ, 2. ਸਾਬਕਾ ਉਪ-ਰਾਸਟਰਪਤੀ ਭੈਰੋ ਸਿੰਘ ਸੇਖਾਵਤ ਨੂੰ "ਮਹਿਕ ਵਤਨ ਦੀ" ਅਤੇ "ਸੰਤ ਬਾਬਾ ਨੰਦ ਸਿੰਘ ਜੀ ਦੀ ਜੀਵਨੀ" ਭੇਟ ਕਰਦੇ ਹੋਏ ਬਾਬਾ ਜਸਵੀਰ ਸਿੰਘ ਲੋਹਾਰਾ ਅਤੇ ਗੁਰਮੀਤ ਸਿੰਘ ਗੱਜਣਵਾਲਾ।

## ਵੇਖ ਮੇਰੇ ਪੰਜਾਬ ਨੂੰ



ਆ ਦੋਸਤਾ ਆ ਵੇਖ ਮੇਰੇ ਦੇਸ ਪੰਜਾਬ ਨੂੰ,
ਵਿੱਚ ਸੁਗੰਧੀਆਂ ਡੁੱਬੇ ਹੋਏ ਸੁਰਖ਼ ਗੁਲਾਬ ਨੂੰ,
ਸਾਰੇ ਦੇਸ਼ ਦੀ ਉੱਚੀ ਸ਼ਾਨ ਕਦੇ ਇਹ ਹੁੰਦਾ ਸੀ,
ਬੁੱਢਾ ਹੋ ਗਿਆ ਕਦੇ ਬੜਾ ਜਵਾਨ ਇਹ ਹੁੰਦਾ ਸੀ,

ਖਾ ਲਈ ਵੇਖ ਜਵਾਨੀ ਇਸਦੀ ਨਸ਼ਿਆਂ ਨੇ,
ਬਹੁਤਾ ਬੁੱਢਾ ਕੀਤਾ ਇਹਨਾ ਵਿੱਚ ਫਸਿਆਂ ਨੇ,
ਲਗਾ ਰੋਗ ਨਵਾਂ ਜਿਸਤੋਂ ਅਨਜਾਨ ਇਹ ਹੁੰਦਾ ਸੀ,
ਬੁੱਢਾ ਹੋ ਗਿਆ ਕਦੇ ਬੜਾ ਜਵਾਨ ਇਹ ਹੁੰਦਾ ਸੀ,

ਰੋਗ ਲਗਾਇਆ ਇਸਨੂੰ ਰਿਸ਼ਵਤ ਖ਼ੋਰਾਂ ਨੇ,
ਧੋਖੇਬਾਜ਼ਾਂ, ਬੇਦਿਲ, ਠੱਗਾਂ ਦਿਲ ਦੇ ਚੋਰਾਂ ਨੇ,
ਪਾਪ ਦੀ ਧਰਤੀ ਬਣਿਆਂ ਘਰ ਭਗਵਾਨ ਦਾ ਹੁੰਦਾ ਸੀ,
ਬੁੱਢਾ ਹੋ ਗਿਆ ਕਦੇ ਬੜਾ ਜਵਾਨ ਇਹ ਹੁੰਦਾ ਸੀ,

ਬੁੱਢਾ ਕਰ ਦਿਤਾ ਅਨਪੜ੍ਹਤਾ ਬੇ ਰੁਜ਼ਗਾਰੀ ਨੇ,
ਦਾਜ ਤੇ ਭਰੂਣ ਹਤਿਆ ਵਿੱਚ ਮਰਦੀ ਨਾਰੀ ਨੇ,
ਉਹੀ ਹੋਈ ਗਲ ਜਿਸ ਤੋਂ ਪਰੇਸ਼ਾਨ ਇਹ ਹੁੰਦਾ ਸੀ,
ਬੁੱਢਾ ਹੋ ਗਿਆ ਕਦੇ ਬੜਾ ਜਵਾਨ ਇਹ ਹੁੰਦਾ ਸੀ,

ਕਰਜ਼ਾਂ ਦੇ ਵਿੱਚ ਫੱਸ ਗਏ ਲੋਕੀਂ ਬੈਂਕਾਂ ਦੇ,
ਨੌਜਵਾਨ ਜਾ ਫੱਸ ਗਏ ਕੋਲ ਏਜੰਟਾਂ ਦੇ,
ਹੁਣ ਖ਼ੁਦ ਮੰਗਦਾ ਫਿਰਦਾ ਕਰਦਾ ਦਾਨ ਇਹ ਹੁੰਦਾ ਸੀ,
ਬੁੱਢਾ ਹੋ ਗਿਆ ਕਦੇ ਬੜਾ ਜਵਾਨ ਇਹ ਹੁੰਦਾ ਸੀ,

ਬੁੱਢਾ ਹੁੰਦਾ ਹੁੰਦਾ ਇਹ ਇੱਕ ਦਿਨ ਮਰ ਜਾਊ,
ਲੋਕਾਂ ਲਈ ਇੱਕ ਅਜਬ ਤਮਾਸ਼ਾ ਬਣ ਜਾਊ,
ਬਣ ਜਾਊਗਾ ਮੌਤ ਕਦੇ ਜਿੰਦ ਜਾਨ ਇਹ ਹੁੰਦਾ ਸੀ,
ਬੁੱਢਾ ਹੋ ਗਿਆ ਕਦੇ ਬੜਾ ਜਵਾਨ ਇਹ ਹੁੰਦਾ ਸੀ,

ਸੰਬਲ ਜਾਓ ਇਸ ਦੀ ਲੋਕੋ ਕਰ ਲਓ ਸੰਭਾਲ,
ਇਸਨੂੰ ਫੇਰ ਜਵਾਨੀ ਬਖ਼ਸ਼ੋ ਅਕਲਾਂ ਨਾਲ,
ਦਮਾਥੀਆ ਹਰ ਥਾਂ ਤੇ ਪਰਵਾਨ ਇਹ ਹੁੰਦਾ ਸੀ,
ਬੁੱਢਾ ਹੋ ਗਿਆ ਕਦੇ ਬੜਾ ਜਵਾਨ ਇਹ ਹੁੰਦਾ ਸੀ।

ਦਿਨੇਸ਼ ਦਮਾਥੀਆ
189/5, ਜਸਵੰਤ ਨਗਰ,
ਜਲੰਧਰ।

## ਯਾਦ ਵਤਨ ਦੀ {ਗੀਤ}

ਮੈਨੂੰ ਯਾਦ ਵਤਨ ਦੀ ਆਏ ਵਿੱਚ ਪ੍ਰਦੇਸਾਂ ਦੇ।
ਕੋਈ ਭੁੱਲ ਕੇ ਨਾ ਫੇਰਾ ਪਾਏ ਵਿੱਚ ਪ੍ਰਦੇਸਾਂ ਦੇ।
ਮੈਨੂੰ ਯਾਦ ਵਤਨ ਦੀ ...

ਮਾਂ ਨੂੰ ਮਿਲਣੇ ਲਈ ਮੇਰਾ ਦਿਲ ਤੜਫ਼ ਰਿਹਾ।
ਲਾਡੋ ਭੈਣ ਦੀ ਰੱਖੜੀ ਨੂੰ ਮੈਂ ਤਰਸ ਰਿਹਾ।
ਲੋਕੋ ਕੋਈ ਨਾ ਲਾਡ ਲਡਾਏ ਵਿੱਚ ਪ੍ਰਦੇਸਾਂ ਦੇ।
ਮੈਨੂੰ ਯਾਦ ਵਤਨ ਦੀ ...

ਯਾਦ ਤੇਰੀ ਪ੍ਰਦੇਸਾਂ ਵਿੱਚ ਵੀ ਆਉਂਦੀ ਏ।
ਮਾਰ ਉਡਾਰੀ ਮਿਲਣੇ ਨੂੰ ਰੂਹ ਚਾਹੁੰਦੀ ਏ।
ਤੂੰ ਸੁਪਨਿਆਂ ਵਿੱਚ ਤੜਪਾਏ ਵਿੱਚ ਪ੍ਰਦੇਸਾਂ ਦੇ।
ਮੈਨੂੰ ਯਾਦ ਵਤਨ ਦੀ ...

ਕੁੱਝ ਪੌਂਡਾਂ ਦੀਆਂ ਚਮਕਾਂ ਕੁੱਝ ਮਜ਼ਬੂਰੀ ਏ।
ਪਰ ਦੇਸ ਨੂੰ ਚੇਤੇ ਰੱਖਣਾ ਬਹੁਤ ਜ਼ਰੂਰੀ ਏ।
'ਚਰਨਜੀਤ' ਨੂੰ ਕੋਈ ਸਮਝਾਏ ਵਿੱਚ ਪ੍ਰਦੇਸਾਂ ਦੇ।

ਮੈਨੂੰ ਯਾਦ ਵਤਨ ਦੀ ਆਏ ਵਿੱਚ ਪ੍ਰਦੇਸਾਂ ਦੇ।
ਕੋਈ ਭੁੱਲ ਕੇ ਨਾ ਫੇਰਾ ਪਾਏ ਵਿੱਚ ਪ੍ਰਦੇਸਾਂ ਦੇ।

ਚਰਨਜੀਤ ਸਿੰਘ ਬਰਾੜ ਸਮਾਲਸਰ
ਮੋਬਾ. 97805-37188

ਰਹਿਮਤ ਪੀ ਵੀ ਸੀ
ਲੂਵਰ, ਫਲੋਰਮੈਟ ਵਾਲਪੇਪਰ ਨਵੇਂ-ਨਵੇਂ
ਰੰਗਾਂ ਅਤੇ ਵਧੀਆ ਕੁਵਾਲਟੀ ਵਿੱਚ
ਹੋਲ ਸੇਲ ਰੇਟਾਂ ਤੇ ਮਿਲਦੇ ਹਨ
ਨੋਟ :- ਕਾਰੀਗਰਾਂ ਦਾ ਖਾਸ ਪ੍ਰਬੰਧ ਹੈ



ਨੇੜੇ ਖੰਨਾ ਹਸਪਤਾਲ ਅੰਮ੍ਰਿਤਸਰ ਰੋੜ ਮੋਗਾ
ਸੰਪਰਕ: 94642-20270, 85228-00001

## ਕਵਿਤਾ



ਜੇ ਨਾ ਚੰਨਾ ਅੱਖੀਆਂ ਲਾਦੇ,
ਫਿਰ ਕਿਹੜੀ ਗੱਲੋਂ ਪਛਤਾਵੇਂ।
ਤੂੰ ਵੀ ਤੁਰ ਗਿਆ ਚੁੱਪ ਚੁਪੀਤਾ,
ਮੈਂ ਵੀ ਆਵਾਜ਼ ਨਾ ਮਾਰੀ।
ਹਿਲਦੀ ਰਹਿਗੀ ਜੀਭ ਨਿਮਾਣੀ,
ਰਹਿ ਗਏ ਬੁਲ ਥਰਥਾਉਂਦੇ।
ਦੂਰ ਦੁਰਾਡੇ ਅੰਬਰ ਉਤੇ ਬੋਲੇ ਇਕ ਟੰਟੀਰੀ।
ਬਾਕੀ ਸਾਰੀ ਦੁਨੀਆਂ ਸੌਂ ਗਈ,
ਰੱਖਕੇ ਬਾਹ ਸੁਰਾਦੇ।
ਕਿਥੇ ਰੱਵਾ ਧਰਤੀ ਸਾਰੀ,
ਮੱਲੀ ਏ ਬੇਦਰਦਾ।
ਇਨ੍ਹਾਂ ਜ਼ਖ਼ਮਾਂ ਉਚੇੜੇ ਅੱਲੇ,
ਦੂਣੇ ਰਸਦੇ ਜਾਂਦੇ।
ਬਿਨ 'ਅਲਬੇਲੇ' ਤੇਰੇ ਖੁੱਲੇ,
ਬਾਲ ਗਲੇ ਵਿਚ ਲਮਕਣ।
ਧਾਹੀ ਰੋ ਕੇ ਪਾਉਣ ਕੀਰਨੇ,
ਕਿੱਲੀਆਂ ਨਾਲ ਪਰਾਂਦੇ।

ਢਾਡੀ ਗੁਰਬਖ਼ਸ਼ ਸਿੰਘ ਅਲਬੇਲਾ

* * *

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ Web TV
'Mehak Watan Di Live' ਲਾਈਵ

ਆਪਣੇ ਧਾਰਮਿਕ,
ਸਾਹਿਤਕ,
ਰਾਜਨੀਤਿਕ ਅਤੇ
ਸੱਭਿਆਚਾਰਕ ਪ੍ਰੋਗਰਾਮ
'ਮਹਿਕ ਵਤਨ ਦੀ ਲਾਈਵ'
ਵੈਬ ਟੀ.ਵੀ.
ਤੇ ਲਾਈਵ, ਡੀ-ਲਾਈਵ
ਚਲਾਉਣ ਲਈ
ਸੰਪਰਕ ਕਰੋ :
9988-92-9988

ਖੁਸ਼ੀਆ ਵੰਡੋ ਸਾਡੇ ਨਾਲ

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
International ਮਹਿਕ ਵਤਨ ਦੀ
'Mehak Watan Di Live' ਲਾਈਵ
ਵਿੱਚ ਆਪਣੀ ਤਸਵੀਰ ਛਪਵਾਓ

*ਬੱਚੇ ਦੇ ਜਨਮ ਦਿਨ ਦੀ *ਨਵੇਂ ਵਿਆਹੇ ਜੋੜੇ ਦੀ
*ਆਪਣੀ ਸਾਲਗਿਰਾਹ ਦੀ

ਇਹ ਸਾਰੀਆਂ ਸੇਵਾਵਾਂ ਬਿਲਕੁਲ ਮੁਫਤ ਹਨ ।
ਸਾਡੇ ਪੱਤਰਕਾਰ ਜਾਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ ਜਾਂ ਈ-ਮੇਲ ਵੀ ਕਰ ਸਕਦੇ ਹੋ ।
Help Line: (+91) - 9988-92-9988
E-Mail: mehakwattandi@rediffmail.com

Scanned with CamScanner

# ਕੈਨੇਡਾ ਅਤੇ ਪੰਜਾਬ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ ਹੋਵਨ ਜੀ !

## Happy Baisakhi

## ਵੱਲੋਂ: ਗੁਰਸੇਵਕ ਸਿੰਘ ਖੁਖਰਾਣਾ

## Desi Entertainment

DESI ENTERTAINMENT

## Hi Everyone

We Are Happy to Announce

## Elite Bhangra Competition

on July 22nd 2023

**Senior / Junior Music Category**

**at Abbotsford Arts Centre**

2329 Crescent Way, Abbotsford, BC V2S 3M1

Contact No: +1 (778) 241-2148

Scanned with CamScanner



ਧੰਨ ਧੰਨ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲੇ ਮਹਾਂਪੁਰਖਾਂ ਦੀ

# 23ਵੀਂ ਸਲਾਨਾ ਬਰਸ਼ੀ

ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ (ਤਪ ਅਸਥਾਨ ਅਤੇ ਅੰਗੀਠਾ ਸਾਹਿਬ)
ਪਿੰਡ ਲੋਹਾਰਾ (ਮੋਗਾ) ਵਿਖੇ ਮਨਾਈ ਜਾ ਰਹੀ ਹੈ।

ਭੋਗ ਮਿਤੀ 10 ਅਪ੍ਰੈਲ 2023 ਨੂੰ ਸਵੇਰੇ 10:00 ਵਜੇ ਪੈਣਗੇ ਉਪਰੰਤ ਧਾਰਮਿਕ ਦੀਵਾਨ ਸਜਣਗੇ
ਜਿਸ ਵਿੱਚ ਇਲਾਕੇ ਦੇ ਮਹਾਂਪੁਰਖ ਅਤੇ ਰਾਗੀ ਜੱਥੇ ਆਪਣੇ ਪ੍ਰਵਚਨਾਂ ਦੁਵਾਰਾ ਸੰਗਤਾਂ ਨੂੰ ਨਿਹਾਲ ਕਰਨਗੇ

## ਖੂਨਦਾਨ ਕੈਂਪ

ਨੋਟ: ਮਿਤੀ 09 ਅਪ੍ਰੈਲ 2023
ਦਿਨ ਐਤਵਾਰ ਨੂੰ ਖੂਨਦਾਨ ਕਰਕੇ
ਮਹਾਂਪੁਰਸ਼ਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੋ

## ਦਸਤਾਰ ਮੁਕਾਬਲੇ

ਨੋਟ: ਮਿਤੀ 09 ਅਪ੍ਰੈਲ 2023 ਦਿਨ ਐਤਵਾਰ
ਨੂੰ ਦਸਤਾਰ ਮੁਕਾਬਲੇ ਕਰਵਾਏ ਜਾਣਗੇ।
ਪਹਿਲਾ,ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ
ਵਾਲਿਆਂ ਨੂੰ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ



ਇਸ ਅਸਥਾਨ ਤੇ ਹਰ ਐਤਵਾਰ ਹਰੇਕ ਰੋਗ ਦੀ ਦੇਸੀ ਦਵਾਈਆਂ ਦਾ ਲੰਗਰ ਲਗਾਇਆ ਜਾਂਦਾ ਹੈ

ਇਨਾਂ ਸਮਾਗਮਾਂ ਦਾ ਸਿੱਧਾ ਪ੍ਰਸਾਰਣ

NEWS PUNJAB Di
M. 97000 65709

ਅਨੰਦ ਟੀ.ਵੀ
www.anandtv.com

ਮਹਿਕ ਵਤਨ ਦੀ TV
'Mehak Watan Di Live'
www.mehakwatandilive.com

ਵੱਲੋਂ: ਮੁੱਖ ਸੇਵਾਦਾਰ
ਬਾਬਾ ਜਸਵੀਰ ਸਿੰਘ ਜੀ ਲੋਹਾਰਾ
95017-70065

---

ਕੈਨੇਡਾ ਵਿੱਚ ਪੰਜਾਬ ਵਰਗਾ ਮਾਹੌਲ









# KHUKHRANA

## CULTURAL GROUP

ਇਥੇ ਵਿਆਹ ਸ਼ਾਦੀਆਂ,ਪਾਰਟੀਆਂ ਅਤੇ ਹਰ ਖੁਸ਼ੀ ਦੇ ਮੌਕੇ ਤੇ
ਜਾਗੋ ਅਤੇ ਪੰਜਾਬੀ ਕਲਚਰ ਪ੍ਰੋਗਰਾਮਾਂ ਲਈ ਸੰਪਰਕ ਕਰੋ

Prop. Gursewak Singh Khukhrana
Contact. 778-241-2148, India 98150-98489

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner